## ਗੋਪਨੀਯਤਾ ਨੀਤੀ

*Disclaimer: In the event of any discrepancy or conflict in the translated version, the English version will prevail over the translation.*

ਪੈਸਾਬਾਜ਼ਾਰ ਮਾਰਕੀਟਿੰਗ ਅਤੇ ਕੰਸਲਟਿੰਗ ਪ੍ਰਾਈਵੇਟ ਲਿਮਟਿਡ ("Paisabazaar"/"Company"/"Paisabazaar.com") ਜਿਸ ਵਿੱਚ ਔਨਲਾਈਨ ਪਲੇਟਫਾਰਮ www.paisabazaar.com ਅਤੇ "ਮੋਬਾਈਲ ਐਪ" (ਸਮੂਹਿਕ ਤੌਰ 'ਤੇ "ਵੈੱਬਸਾਈਟ") ਸ਼ਾਮਲ ਹਨ ਤੁਹਾਡੀ ਗੋਪਨੀਯਤਾ ਨੂੰ ਬਣਾਈ ਰੱਖਣ ਦੇ ਮਹੱਤਵ ਨੂੰ ਪਛਾਣਦੀ ਹੈ। Paisabazaar.com ਆਪਣੇ ਉਪਭੋਗਤਾਵਾਂ ਦੀ ਸਾਰੀ ਜਾਣਕਾਰੀ ਦੀ ਗੁਪਤਤਾ, ਅਖੰਡਤਾ ਅਤੇ ਸੁਰੱਖਿਆ ਨੂੰ ਬਣਾਈ ਰੱਖਣ ਲਈ ਵਚਨਬੱਧ ਹੈ। ਇਹ ਗੋਪਨੀਯਤਾ ਨੀਤੀ ਦੱਸਦੀ ਹੈ ਕਿ ਕਿਵੇਂ Paisabazaar.com ਲੋੜ ਦੇ ਆਧਾਰ 'ਤੇ ਵੈੱਬਸਾਈਟ ਦੀ ਵਰਤੋਂ ਰਾਹੀਂ ਤੁਹਾਡੇ ਤੋਂ ਪ੍ਰਾਪਤ ਕੀਤੀ ਗਈ ਕੁਝ ਖਾਸ ਜਾਣਕਾਰੀ ਨੂੰ ਇਕੱਠਾ ਕਰਦੀ ਹੈ, ਸਾਂਭਦੀ ਹੈ, ਵਰਤਦੀ ਹੈ ਅਤੇ ਦੂਜੀ ਥਾਂ ਤੇ ਭੇਜਦੀ ਹੈ। ਇਹ ਗੋਪਨੀਯਤਾ ਨੀਤੀ ਸਾਡੀ ਵੈੱਬਸਾਈਟ ਨੂੰ ਵੇਖਣ ਵਾਲਿਆਂ ਅਤੇ ਸਾਡੇ ਮੌਜੂਦਾ ਅਤੇ ਭਵਿੱਖ ਦੇ ਗਾਹਕਾਂ 'ਤੇ ਲਾਗੂ ਹੁੰਦੀ ਹੈ। ਸਾਡੀ ਵੈੱਬਸਾਈਟ 'ਤੇ ਜਾ ਕੇ ਅਤੇ/ਜਾਂ ਵਰਤ ਕੇ, ਤੁਸੀਂ ਇਸ ਗੋਪਨੀਯਤਾ ਨੀਤੀ ਵਿੱਚ ਦੱਸੀਆਂ ਗਈਆਂ ਅਭਿਆਸਾਂ ਨੂੰ ਸਵੀਕਾਰ ਕਰ ਰਹੇ ਹੋ ਅਤੇ ਸਹਿਮਤੀ ਦੇ ਰਹੇ ਹੋ।

ਵੈੱਬਸਾਈਟ ਦੀ ਵਰਤੋਂ ਕਰਨ ਜਾਂ ਵਰਤੋਂ ਕਰਨੀ ਜਾਰੀ ਰੱਖ ਕੇ ਤੁਸੀਂ ਇਸ ਗੋਪਨੀਯਤਾ ਨੀਤੀ ਦੇ ਮੁਤਾਬਕ ਸਾਡੇ ਵੱਲੋਂ ਤੁਹਾਡੀ ਜਾਣਕਾਰੀ ਦੀ ਵਰਤੋਂ (ਸੂਚਨਾ ਤਕਨੀਕ ਕਾਨੂੰਨ 2000 ਦੇ ਤਹਿਤ ਪਰਿਭਾਸ਼ਿਤ ਸੰਵੇਦਨਸ਼ੀਲ ਨਿੱਜੀ ਜਾਣਕਾਰੀ, ਲਾਗੂ ਨਿਯਮ, ਸੂਚਨਾਵਾਂ ਆਦਿ ਸਮੇਤ) ਲਈ ਸਹਿਮਤੀ ਦਿੰਦੇ ਹੋ, ਜਿਵੇਂ ਕਿ Paisabazaar ਵੱਲੋਂ ਸਮੇਂ-ਸਮੇਂ 'ਤੇ ਆਪਣੀ ਮਰਜ਼ੀ ਨਾਲ ਸੋਧਿਆ ਜਾ ਸਕਦਾ ਹੈ।

### 1. ਨਿੱਜੀ ਜਾਣਕਾਰੀ ਦੇ ਨਿਯੰਤਰਕ

ਤੁਹਾਡਾ ਨਿੱਜੀ ਡਾਟਾ/ਜਾਣਕਾਰੀ ਇਸਦੀ ਮੂਲ ਕੰਪਨੀ (ਇਸਦੇ ਨੁਮਾਇੰਦਿਆਂ, ਸਹਿਯੋਗੀਆਂ, ਅਤੇ ਇਸਦੇ ਵਪਾਰਕ ਭਾਈਵਾਲਾਂ ਸਮੇਤ) ਦੇ ਨਾਲ ਪੈਸਾਬਾਜ਼ਾਰ ਮਾਰਕੀਟਿੰਗ ਅਤੇ ਕੰਸਲਟਿੰਗ ਪ੍ਰਾਈਵੇਟ ਲਿਮਟਿਡ ਵੱਲੋਂ ਭਾਰਤ ਵਿੱਚ ਸਥਿਤ ਸਰਵਰਾਂ 'ਤੇ ਇਕੱਠੀ ਕੀਤੀ ਅਤੇ ਸਾਂਭੀ ਜਾਵੇਗੀ।

### 2. ਅਸੀਂ ਤੁਹਾਡੇ ਬਾਰੇ ਕਿਹੜੀ ਨਿੱਜੀ ਜਾਣਕਾਰੀ ਇਕੱਠੀ ਕਰਦੇ ਹਾਂ

- ਗਾਹਕਾਂ ਤੋਂ ਜੋ ਜਾਣਕਾਰੀ ਸਾਨੂੰ ਮਿਲਦੀ ਹੈ ਉਹ ਵੈੱਬਸਾਈਟ 'ਤੇ ਤੁਹਾਡੇ ਅਨੁਭਵ ਨੂੰ ਵਿਅਕਤੀਗਤ ਬਣਾਉਣ ਅਤੇ ਲਗਾਤਾਰ ਬਿਹਤਰ ਬਣਾਉਣ ਵਿੱਚ ਸਾਡੀ ਮਦਦ ਕਰਦੀ ਹੈ। ਜੋ ਜਾਣਕਾਰੀ ਅਸੀਂ ਇਕੱਠੀ ਕਰਦੇ ਹਾਂ ਉਸ ਦੀਆਂ ਕਿਸਮਾਂ ਇਹ ਹਨ ।
- ਅਸੀਂ ਕੋਈ ਵੀ ਜਾਣਕਾਰੀ ਜਾਂ ਦਸਤਾਵੇਜ਼ ਪ੍ਰਾਪਤ ਕਰਦੇ ਹਾਂ ਅਤੇ ਸਾਂਭਦੇ ਹਾਂ ਜੋ ਤੁਸੀਂ ਸਾਡੀ ਵੈੱਬਸਾਈਟ 'ਤੇ ਪਾਉਂਦੇ ਹੋ ਜਾਂ ਅਪਲੋਡ ਕਰਦੇ ਹੋ ਜਾਂ ਸਾਨੂੰ ਕਿਸੇ ਹੋਰ ਤਰੀਕੇ ਨਾਲ ਦਿੰਦੇ ਹੋ, ਤੁਹਾਡੇ ਵੱਲੋਂ ਚੁਣੇ ਗਏ ਉਤਪਾਦ ਜਾਂ ਸੇਵਾ ਦੇ ਮੁਤਾਬਕ ਅਤੇ ਸਾਡੇ ਜਾਂ ਸਾਡੇ ਵਪਾਰਕ ਭਾਈਵਾਲਾਂ ਦੀ ਲੋੜ ਮੁਤਾਬਕ, ਜਿਸ ਵਿੱਚ ਤੁਹਾਡੀ ਨਿੱਜੀ ਜਾਣਕਾਰੀ ਜਿਵੇਂ ਕਿ ਪਹਿਲਾ ਨਾਮ, ਅਖੀਰਲਾ ਨਾਮ, ਈਮੇਲ ਪਤਾ, ਜਨਮ ਦੀ ਤਰੀਕ, ਰਿਹਾਇਸ਼ ਸ਼ਹਿਰ ਵਗੈਰਹ ਸ਼ਾਮਲ ਹੁੰਦੀ ਹੈ। ਤੁਸੀਂ ਕੁਝ ਖਾਸ ਜਾਣਕਾਰੀ ਨਾ ਪ੍ਰਦਾਨ ਕਰਨ ਦੀ ਚੋਣ ਵੀ ਕਰ ਸਕਦੇ ਹੋ ਪਰ ਫਿਰ ਹੋ ਸਕਦਾ ਹੈ ਕਿ ਤੁਸੀਂ ਸਾਡੀਆਂ ਬਹੁਤ ਸਾਰੀਆਂ ਸੇਵਾਵਾਂ ਅਤੇ ਖਾਸੀਅਤਾਂ ਦਾ ਲਾਭ ਨਹੀਂ ਲੈ ਸਕੋ। ਅਸੀਂ ਤੁਹਾਡੀ ਬਾਇਓਮੈਟ੍ਰਿਕ ਜਾਣਕਾਰੀ ਨੂੰ ਨਾ ਤਾਂ ਇਕੱਠਾ ਕਰਦੇ ਹਾਂ ਅਤੇ ਨਾ ਹੀ ਸਾਂਭਦੇ ਹਾਂ।
- ਸਾਡੇ ਕੋਲ ਤੁਹਾਡੇ ਕੈਮਰੇ, ਮਾਈਕ੍ਰੋਫ਼ੋਨ, ਟਿਕਾਣੇ ਅਤੇ ਮੋਬਾਈਲ ਡਿਵਾਈਸ ਤਾਈਂ ਇੱਕ ਵਾਰੀ ਪਹੁੰਚ ਵੀ ਹੋ ਸਕਦੀ ਹੈ ਅਤੇ ਤੁਹਾਡੀ ਸਪਸ਼ਟ ਸਹਿਮਤੀ ਨਾਲ ਸਾਡੀ ਜਾਂ ਸਾਡੇ ਭਾਈਵਾਲਾਂ ਦੀਆਂ KYC ਲੋੜਾਂ ਜਾਂ ਆਨਬੋਰਡਿੰਗ ਦੇ ਉਦੇਸ਼ ਲਈ ਅਜਿਹੀ ਜਾਣਕਾਰੀ ਨੂੰ ਸਾਂਭ ਸਕਦੇ ਹਾਂ। RBI ਵੱਲੋਂ ਜਾਰੀ ਕੀਤੇ ਅਤੇ ਸਮੇਂ-ਸਮੇਂ 'ਤੇ ਸੋਧੇ ਗਏ ਡਿਜੀਟਲ ਲੇਂਡਿੰਗ ਦਿਸ਼ਾ ਨਿਰਦੇਸ਼ਾਂ ਦੇ ਮੁਤਾਬਕ।

- ਅਸੀਂ ਹੋਰ ਸਰੋਤਾਂ ਤੋਂ ਤੁਹਾਡੇ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ ਅਤੇ ਇਸਨੂੰ ਸਾਡੀ ਖਾਤਾ ਜਾਣਕਾਰੀ ਵਿੱਚ ਸ਼ਾਮਲ ਕਰ ਸਕਦੇ ਹਾਂ।

## 3. ਅਸੀਂ ਕੂਕੀਜ਼ ਇਕੱਠੇ ਕਰਦੇ ਹਾਂ

-

ਜਦੋਂ ਵੀ ਤੁਸੀਂ ਸਾਡੇ ਨਾਲ ਗੱਲਬਾਤ ਕਰਦੇ ਹੋ ਤਾਂ ਅਸੀਂ ਕੁਝ ਕਿਸਮਾਂ ਦੀ ਜਾਣਕਾਰੀ ਪ੍ਰਾਪਤ ਕਰਦੇ ਹਾਂ ਅਤੇ ਸਾਂਭਦੇ ਹਾਂ। ਉਦਾਹਰਨ ਲਈ, ਜਿਵੇਂ ਕਿ, ਅਸੀਂ "ਕੂਕੀਜ਼" ਦੀ ਵਰਤੋਂ ਕਰਦੇ ਹਾਂ ਅਤੇ ਜਦੋਂ ਤੁਹਾਡਾ ਵੈਬ ਬ੍ਰਾਊਜ਼ਰ ਵੈੱਬਸਾਈਟ ਜਾਂ ਇਸ਼ਤਿਹਾਰਾਂ ਅਤੇ ਹੋਰ ਵੈੱਬਸਾਈਟਾਂ 'ਤੇ ਵੈੱਬਸਾਈਟ ਵੱਲੋਂ ਜਾਂ ਉਸ ਦੀ ਥਾਂ ਤੇ ਪੇਸ਼ ਕੀਤੀ ਜਾਂਦੀ ਹੋਰ ਸਮੱਗਰੀ ਤੱਕ ਪਹੁੰਚ ਕਰਦਾ ਹੈ ਤਾਂ ਅਸੀਂ ਕੁਝ ਕਿਸਮਾਂ ਦੀ ਜਾਣਕਾਰੀ ਪ੍ਰਾਪਤ ਕਰਦੇ ਹਾਂ। ਕੂਕੀ ਉਪਭੋਗਤਾ ਦੇ ਕੰਪਿਊਟਰ 'ਤੇ ਸਾਂਭੇ ਗਏ ਡਾਟਾ ਦਾ ਇੱਕ ਟੁਕੜਾ ਹੁੰਦਾ ਹੈ ਜੋ ਉਪਭੋਗਤਾ ਬਾਰੇ ਜਾਣਕਾਰੀ ਨਾਲ ਜੁੜਿਆ ਹੋਇਆ ਹੁੰਦਾ ਹੈ। ਅਸੀਂ ਸੈਸ਼ਨ ID ਕੂਕੀਜ਼ ਅਤੇ ਨਿਰੰਤਰ ਕੂਕੀਜ਼ ਦੋਵਾਂ ਦੀ ਵਰਤੋਂ ਕਰ ਸਕਦੇ ਹਾਂ। ਸੈਸ਼ਨ ID ਕੂਕੀਜ਼ ਲਈ, ਇੱਕ ਵਾਰ ਜਦੋਂ ਤੁਸੀਂ ਆਪਣਾ ਬ੍ਰਾਊਜ਼ਰ ਬੰਦ ਕਰ ਲੈਂਦੇ ਹੋ ਜਾਂ ਲੌਗ ਆਊਟ ਕਰਦੇ ਹੋ, ਤਾਂ ਕੂਕੀ ਬੰਦ ਹੋ ਜਾਂਦੀ ਹੈ ਅਤੇ ਮਿਟ ਜਾਂਦੀ ਹੈ। ਨਿਰੰਤਰ ਕੂਕੀ ਇੱਕ ਛੋਟੀ ਟੈਕਸਟ ਫਾਈਲ ਹੁੰਦੀ ਹੈ ਜੋ ਤੁਹਾਡੇ ਕੰਪਿਊਟਰ ਦੀ ਹਾਰਡ ਡਰਾਈਵ ਉੱਤੇ ਲੰਬੇ ਸਮੇਂ ਲਈ ਸਾਂਭੀ ਜਾਂਦੀ ਹੈ। ਸੈਸ਼ਨ ID ਕੂਕੀਜ਼ ਦੀ ਵਰਤੋਂ Paisabazaar.com ਵੱਲੋਂ ਉਪਭੋਗਤਾ ਤਰਜੀਹਾਂ ਤੇ ਨਜ਼ਰ ਰੱਖਣ ਲਈ ਕੀਤੀ ਜਾ ਸਕਦੀ ਹੈ ਜਦੋਂ ਉਪਭੋਗਤਾ ਵੈੱਬਸਾਈਟ ਵੇਖ ਰਿਹਾ ਹੁੰਦਾ ਹੈ। ਉਹ ਲੋਡ ਕਰਨ ਦੇ ਸਮੇਂ ਨੂੰ ਘੱਟ ਕਰਨ ਅਤੇ ਸਰਵਰ ਪ੍ਰੋਸੈਸਿੰਗ 'ਤੇ ਬੱਚਤ ਕਰਨ ਵਿੱਚ ਵੀ ਮਦਦ ਕਰਦੀਆਂ ਹਨ।

ਜ਼ਿਆਦਾਤਰ ਬ੍ਰਾਊਜ਼ਰ ਤੁਹਾਨੂੰ ਦੱਸਣਗੇ ਕਿ ਤੁਹਾਡੇ ਬ੍ਰਾਊਜ਼ਰ ਨੂੰ ਨਵੀਆਂ ਕੂਕੀਜ਼ ਨੂੰ ਸਵੀਕਾਰ ਕਰਨ ਤੋਂ ਕਿਵੇਂ ਰੋਕਿਆ ਜਾਵੇ, ਜਦੋਂ ਤੁਸੀਂ ਨਵੀਂ ਕੂਕੀਜ਼ ਪ੍ਰਾਪਤ ਕਰਦੇ ਹੋ ਤਾਂ ਬ੍ਰਾਊਜ਼ਰ ਨੂੰ ਤੁਹਾਨੂੰ ਕਿਵੇਂ ਸੂਚਿਤ ਕਰਨਾ ਹੈ ਅਤੇ ਕੂਕੀਜ਼ ਨੂੰ ਪੂਰੀ ਤਰ੍ਹਾਂ ਅਸਮਰੱਥ ਕਿਵੇਂ ਕਰਨਾ ਹੈ। ਇਸ ਤੋਂ ਇਲਾਵਾ, ਤੁਸੀਂ ਐਡ-ਆਨ ਦੀਆਂ ਸੈਟਿੰਗਾਂ ਨੂੰ ਬਦਲ ਕੇ ਜਾਂ ਇਸਦੇ ਨਿਰਮਾਤਾ ਦੀ ਵੈੱਬਸਾਈਟ 'ਤੇ ਜਾ ਕੇ ਬ੍ਰਾਊਜ਼ਰ ਐਡ-ਆਨ, ਜਿਵੇਂ ਕਿ ਫਲੈਸ਼ ਕੂਕੀਜ਼ ਵੱਲੋਂ ਵਰਤੇ ਗਏ ਇੱਕੋ ਜਿਹੇ ਡਾਟਾ ਨੂੰ ਅਸਮਰੱਥ ਕਰ ਸਕਦੇ ਹੋ ਜਾਂ ਮਿਟਾ ਸਕਦੇ ਹੋ।
ਹਾਲਾਂਕਿ, ਕਿਉਂਕਿ ਕੂਕੀਜ਼ ਤੁਹਾਨੂੰ ਵੈੱਬਸਾਈਟ ਦੀਆਂ ਕੁਝ ਜ਼ਰੂਰੀ ਖਾਸੀਅਤਾਂ ਦਾ ਲਾਭ ਲੈਣ ਦੀ ਇਜਾਜ਼ਤ ਦਿੰਦੀਆਂ ਹਨ, ਅਸੀਂ ਸਿਫ਼ਾਰਿਸ਼ ਕਰਦੇ ਹਾਂ ਕਿ ਤੁਸੀਂ ਉਹਨਾਂ ਨੂੰ ਚਾਲੂ ਰੱਖੋ। ਉਦਾਹਰਨ ਲਈ, ਜੇਕਰ ਤੁਸੀਂ ਸਾਡੀਆਂ ਕੂਕੀਜ਼ ਨੂੰ ਬਲੌਕ ਜਾਂ ਅਸਵੀਕਾਰ ਕਰਦੇ ਹੋ, ਤਾਂ ਤੁਸੀਂ ਸ਼ਾਇਦ ਕਿਸੇ ਵੀ ਵੈੱਬਸਾਈਟ ਦੇ ਉਤਪਾਦਾਂ ਅਤੇ ਸੇਵਾਵਾਂ ਦੀ ਵਰਤੋਂ ਨਹੀਂ ਕਰ ਸਕੋਗੇ ਜਿਸ ਲਈ ਤੁਹਾਨੂੰ ਸਾਈਨ ਇਨ ਕਰਨ ਦੀ ਲੋੜ ਹੁੰਦੀ ਹੈ।

## 4. ਅਸੀਂ ਜਾਣਕਾਰੀ ਦੀ ਵਰਤੋਂ ਕਿਵੇਂ ਕਰਦੇ ਹਾਂ

-

ਜਦੋਂ ਤੁਸੀਂ ਕਿਸੇ ਖਾਤੇ ਲਈ ਪੰਜੀਕਰਨ ਕਰਦੇ ਹੋ, ਜਦੋਂ ਤੁਸੀਂ ਇਸਦੇ ਉਤਪਾਦਾਂ ਜਾਂ ਸੇਵਾਵਾਂ ਦੀ ਵਰਤੋਂ ਕਰਦੇ ਹੋ, ਇਸਦੀ ਵੈੱਬਸਾਈਟ ਦੇ ਪੰਨਿਆਂ 'ਤੇ ਜਾਂਦੇ ਹੋ ਤਾਂ Paisabazaar.com ਤੁਹਾਡੀ ਜਾਣਕਾਰੀ ਇਕੱਠੀ ਕਰਦਾ ਹੈ। ਜਦੋਂ ਤੁਸੀਂ Paisabazaar.com ਨਾਲ ਪੰਜੀਕਰਨ ਕਰਦੇ ਹੋ, ਤਾਂ ਤੁਹਾਨੂੰ ਤੁਹਾਡਾ ਪਹਿਲਾ ਨਾਮ, ਅਖੀਰਲਾ ਨਾਮ, ਸੂਬਾ ਅਤੇ ਰਿਹਾਇਸ਼ ਦਾ ਸ਼ਹਿਰ, ਈਮੇਲ ਪਤਾ, ਜਨਮ ਤਰੀਕ ਅਤੇ ਲਿੰਗ ਬਾਰੇ ਪੁੱਛਿਆ ਜਾਂਦਾ ਹੈ। ਇੱਕ ਵਾਰ ਜਦੋਂ ਤੁਸੀਂ ਵੈੱਬਸਾਈਟ 'ਤੇ ਪੰਜੀਕ੍ਰਿਤ ਹੋ ਜਾਂਦੇ ਹੋ ਅਤੇ ਸਾਈਨ ਇਨ ਕਰਦੇ ਹੋ ਤਾਂ ਤੁਸੀਂ ਸਾਡੇ ਲਈ ਗੁਮਨਾਮ ਨਹੀਂ ਰਹਿ ਜਾਂਦੇ ਹੋ। ਨਾਲ ਹੀ, ਪੰਜੀਕਰਨ ਦੌਰਾਨ ਤੁਹਾਡੇ ਤੋਂ ਤੁਹਾਡਾ ਸੰਪਰਕ ਨੰਬਰ ਵੀ ਮੰਗਿਆ ਜਾਂਦਾ ਹੈ ਅਤੇ ਤੁਹਾਡੇ ਵਾਇਰਲੈੱਸ ਡਿਵਾਈਸ 'ਤੇ ਸਾਡੀਆਂ ਸੇਵਾਵਾਂ ਬਾਰੇ SMS, ਸੂਚਨਾਵਾਂ ਭੇਜੀਆਂ ਜਾ ਸਕਦੀਆਂ ਹਨ। ਇਸ ਲਈ, ਪੰਜੀਕਰਨ ਕਰਕੇ ਤੁਸੀਂ Paisabazaar.com (ਇਸਦੇ ਕਾਰੋਬਾਰੀ ਭਾਈਵਾਲਾਂ ਅਤੇ ਸਹਿਯੋਗੀਆਂ ਸਮੇਤ) ਨੂੰ ਤੁਹਾਡੇ ਲੌਗਇਨ ਵੇਰਵਿਆਂ ਅਤੇ ਪ੍ਰਚਾਰ ਸੰਬੰਧੀ ਮੇਲ ਅਤੇ SMS ਸਮੇਤ ਕਿਸੇ ਵੀ ਹੋਰ ਸੇਵਾ ਲੋੜਾਂ ਦੇ ਨਾਲ ਤੁਹਾਨੂੰ ਟੈਕਸਟ ਅਤੇ ਈਮੇਲ ਚੇਤਾਵਨੀਆਂ ਭੇਜਣ ਲਈ ਅਧਿਕਾਰਤ ਕਰਦੇ ਹੋ, ਭਾਵੇਂ ਤੁਸੀਂ ਆਪਣੇ ਆਪ ਨੂੰ DND ਜਾਂ DNC ਜਾਂ NCPR ਸੇਵਾਵਾਂ ਅਧੀਨ ਪੰਜੀਕ੍ਰਿਤ ਕੀਤਾ ਹੋਵੇ। ਤੁਹਾਡੇ ਵੱਲੋਂ ਅਧਿਕਾਰ ਸੌਂਪਣਾ ਉਦੋਂ ਤੱਕ ਵੈਧ ਹੋਵੇਗਾ ਜਦੋਂ ਤੱਕ ਤੁਹਾਡਾ ਖਾਤਾ ਬੰਦ ਨਹੀਂ ਹੁੰਦਾ ਹੈ ਜਾਂ ਜਦੋਂ ਤੱਕ ਤੁਸੀਂ ਆਪਣੀ ਸਹਿਮਤੀ ਵਾਪਸ ਨਹੀਂ ਲੈਂਦੇ ਹੋ Paisabazaar ਵੈੱਬਸਾਈਟ ਤੁਹਾਡੀ ਸਹਿਮਤੀ ਦੇ ਆਧਾਰ 'ਤੇ ਤੁਹਾਡੇ ਵੱਲੋਂ ਚੁਣੀਆਂ ਗਈਆਂ ਵੱਖੋ-ਵੱਖਰੀਆਂ ਸੇਵਾਵਾਂ ਅਤੇ ਲਾਗੂ ਕਾਨੂੰਨਾਂ ਦੀ ਪਾਲਣਾ ਵਿੱਚ ਸੇਵਾ ਦੀ ਸਹੂਲਤ ਦੇ ਉਦੇਸ਼ ਅਤੇ ਸਾਡੀ ਵੈੱਬਸਾਈਟ ਤੱਕ ਪਹੁੰਚ ਦੀ ਸੌਖ ਲਈ ਕੈਮਰੇ ਸਮੇਤ ਤੁਹਾਡੇ ਮੋਬਾਈਲ ਡਿਵਾਈਸ ਤੱਕ ਪਹੁੰਚ ਕਰ ਸਕਦੀ ਹੈ।

### ਜਾਣਕਾਰੀ ਇਕੱਠੀ ਕਰਨ ਦਾ ਮੰਤਵ:

ਤੁਹਾਨੂੰ ਸੇਵਾਵਾਂ ਪ੍ਰਦਾਨ ਕਰਨ, ਭੁਗਤਾਨਾਂ ਅਤੇ ਤੁਹਾਡੀਆਂ ਅਰਜ਼ੀਆਂ ਦੀ ਪ੍ਰਕਿਰਿਆ ਕਰਨ, ਉਤਪਾਦਾਂ, ਸੇਵਾਵਾਂ ਅਤੇ ਪ੍ਰਚਾਰ ਸੰਬੰਧੀ ਪੇਸ਼ਕਸ਼ਾਂ ਬਾਰੇ ਤੁਹਾਡੇ ਨਾਲ ਸੰਚਾਰ ਕਰਨ ਵਿੱਚ ਸਾਡੀ ਜਾਂ ਸਾਡੇ ਕਾਰੋਬਾਰੀ ਭਾਈਵਾਲਾਂ ਦੀ ਸਹਾਇਤਾ ਕਰਨੀ।

ਤੁਹਾਡੇ ਸਵਾਲਾਂ, ਜਾਂ ਕੀਤੀਆਂ ਗਈਆਂ ਬੇਨਤੀਆਂ ਦਾ ਜਵਾਬ ਦੇਣਾ, ਅਤੇ ਤੁਹਾਨੂੰ ਦਿੱਤੀਆਂ ਗਈਆਂ ਸੇਵਾਵਾਂ ਨਾਲ ਤੁਹਾਡੀਆਂ ਸ਼ਿਕਾਇਤਾਂ/ਮਸਲਿਆਂ/ਸਮੱਸਿਆਵਾਂ ਦਾ ਹੱਲ ਕੱਢਣਾ।

ਸਾਡੇ ਕਾਰੋਬਾਰੀ ਭਾਈਵਾਲਾਂ ਨਾਲ ਕਿਸੇ ਵੀ ਸਮਝੌਤੇ ਦੇ ਸੰਬੰਧ ਵਿੱਚ ਸਾਡੀਆਂ ਜ਼ਿੰਮੇਵਾਰੀਆਂ ਤੈਅ ਕਰਨੀਆਂ ਜਾਂ ਉਹਨਾਂ ਨੂੰ ਪੂਰਾ ਕਰਨਾ।

ਤੁਹਾਨੂੰ ਖਾਸ ਪ੍ਰਚਾਰ ਜਾਂ ਪੇਸ਼ਕਸ਼ਾਂ ਬਾਰੇ ਜਾਣਕਾਰੀ ਭੇਜਣੀ। ਅਸੀਂ ਤੁਹਾਨੂੰ ਨਵੀਆਂ ਖਾਸੀਅਤਾਂ ਜਾਂ ਉਤਪਾਦਾਂ/ਸੇਵਾਵਾਂ ਬਾਰੇ ਵੀ ਦੱਸ ਸਕਦੇ ਹਾਂ। ਇਹ ਸਾਡੀਆਂ ਆਪਣੀਆਂ ਪੇਸ਼ਕਸ਼ਾਂ ਜਾਂ ਉਤਪਾਦ/ਸੇਵਾਵਾਂ, ਜਾਂ ਤੀਜੀ-ਧਿਰ ਦੀਆਂ ਪੇਸ਼ਕਸ਼ਾਂ ਜਾਂ ਉਤਪਾਦ/ਸੇਵਾਵਾਂ ਹੋ ਸਕਦੀਆਂ ਹਨ ਜਿਹਨਾ ਨਾਲ Paisabazaar.com ਦਾ ਸਮਝੌਤਾ ਹੈ।

ਅੰਤਰਿਕ ਵਿਸ਼ਲੇਸ਼ਣ ਲਈ ਅਤੇ ਤੁਹਾਨੂੰ ਟਿਕਾਣਾ-ਆਧਾਰਤ ਸੇਵਾਵਾਂ ਪ੍ਰਦਾਨ ਕਰਨ ਲਈ ਤੁਹਾਡੀ ਜਾਣਕਾਰੀ ਦੀ ਵਰਤੋਂ ਕਰਨੀ, ਜਿਵੇਂ ਕਿ ਇਸ਼ਤਿਹਾਰਬਾਜ਼ੀ, ਖੋਜ ਨਤੀਜੇ, ਅਤੇ ਹੋਰ ਵਿਅਕਤੀਗਤ ਸਮੱਗਰੀ।
ਸਾਡੇ ਪਲੇਟਫਾਰਮ ਨੂੰ ਬਿਹਤਰ ਬਣਾਉਣ, ਸਾਡੀ ਵੈੱਬਸਾਈਟ ਦੀ ਧੋਖਾਧੜੀ ਜਾਂ ਦੁਰਵਿਵਹਾਰ ਨੂੰ ਰੋਕਣ ਜਾਂ ਲੱਭਣ ਵਾਸਤੇ ਇਸ ਜਾਣਕਾਰੀ ਦੀ ਵਰਤੋਂ ਕਰਨ ਲਈ ਅਤੇ ਅਤੇ ਤੀਜੀ ਧਿਰਾਂ ਨੂੰ ਸਾਡੀ ਤਰਫ਼ੋਂ ਤਕਨੀਕੀ, ਪ੍ਰਸ਼ਾਸਨਿਕ ਜਾਂ ਹੋਰ ਕਾਰਜਾਂ ਲਈ ਸਮਰੱਥ ਬਣਾਉਂਣ ਲਈ। ਅਸੀਂ ਤੁਹਾਡੇ ਤੋਂ ਪ੍ਰਾਪਤ ਜਾਣਕਾਰੀ ਨੂੰ ਤੁਹਾਡੇ ਬਾਰੇ ਤੀਜੀ ਧਿਰਾਂ ਤੋਂ ਪ੍ਰਾਪਤ ਜਾਣਕਾਰੀ ਨਾਲ ਜੋੜ ਸਕਦੇ ਹਾਂ।

ਤੁਹਾਨੂੰ ਸੂਚਨਾ ਭੇਜਣ ਲਈ, ਸੰਚਾਰ ਕਰਨ ਲਈ  ਅਤੇ ਉਹਨਾਂ ਸੇਵਾਵਾਂ ਦੀ ਸਿਫ਼ਾਰਿਸ਼ ਕਰਨ ਲਈ ਜੋ ਤੁਹਾਡੀ ਦਿਲਚਸਪੀ ਦੀਆਂ ਹੋ ਸਕਦੀਆਂ ਹਨ, ਸਾਡੇ ਰਿਕਾਰਡਾਂ ਵਿੱਚ ਸੁਧਾਰ ਕਰਨ ਲਈ ਅਤੇ ਆਮ ਤੌਰ 'ਤੇ ਸਾਡੇ ਨਾਲ ਤੁਹਾਡੇ ਖਾਤਿਆਂ ਨੂੰ ਕਾਇਮ ਰੱਖਣ ਲਈ, ਸਮੱਗਰੀ ਅਤੇ ਗਾਹਕ ਸਮੀਖਿਆਵਾਂ ਪ੍ਰਦਰਸ਼ਿਤ ਕਰਨ ਲਈ।

ਜਦੋਂ ਤੁਸੀਂ ਆਪਣੇ ਸੰਪਰਕ ਵੇਰਵੇ ਪ੍ਰਦਾਨ ਕਰਦੇ ਹੋ, ਤਾਂ ਅਸੀਂ ਇਸਦੀ ਵਰਤੋਂ ਤੁਹਾਨੂੰ ਤੁਹਾਡੇ ਖਾਤੇ ਬਾਰੇ ਆਮ ਸੂਚਨਾਵਾਂ ਜਾਂ ਮਹੱਤਵਪੂਰਨ ਖ਼ਬਰਾਂ ਭੇਜਣ, ਤੁਹਾਡੇ ਫੀਡਬੈਕ ਜਾਂ ਵਿਚਾਰਾਂ ਦੀ ਬੇਨਤੀ ਕਰਨ ਅਤੇ ਵਿਸ਼ੇਸ਼ ਸੌਦਿਆਂ ਅਤੇ ਪੇਸ਼ਕਸ਼ਾਂ ਬਾਰੇ ਨਵੀਨ ਜਾਣਕਾਰੀ ਪ੍ਰਦਾਨ ਕਰਨ ਲਈ ਕਰਾਂਗੇ ਜੋ ਤੁਹਾਡੀ ਦਿਲਚਸਪੀ ਹੋ ਸਕਦੀਆਂ ਹਨ।

ਸਾਡੇ ਭਾਈਵਾਲਾਂ ਵੱਲੋਂ ਗਾਹਕ ਐਪਲੀਕੇਸ਼ਨਾਂ 'ਤੇ ਪ੍ਰਕਿਰਿਆ ਕਰਨ ਦੇ ਉਦੇਸ਼ ਲਈ android/iOS ਅਤੇ ਵੈੱਬਸਾਈਟ 'ਤੇ ਗਾਹਕ ਦਸਤਾਵੇਜ਼ਾਂ ਨੂੰ ਅੱਪਲੋਡ ਕਰਨ ਲਈ ਫਾਈਲ ਸਟੋਰੇਜ ਇਜਾਜਤਾਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ।

Paisabazaar ਵੈੱਬਸਾਈਟ ਤੁਹਾਡੀ ਸਹਿਮਤੀ ਦੇ ਆਧਾਰ 'ਤੇ ਤੁਹਾਡੇ ਵੱਲੋਂ ਚੁਣੀਆਂ ਗਈਆਂ ਵੱਖੋ-ਵੱਖਰੀਆਂ ਸੇਵਾਵਾਂ ਲਈ ਸਾਡੀ ਵੈੱਬਸਾਈਟ 'ਤੇ ਸੇਵਾ ਦੀ ਸਹੂਲਤ, ਆਸਾਨੀ ਨਾਲ ਪਹੁੰਚ ਕਰਨ ਅਤੇ ਲੌਗਇਨ ਕਰਨ ਦੇ ਉਦੇਸ਼ ਨਾਲ ਤੁਹਾਡੇ ਮੋਬਾਈਲ ਡਿਵਾਈਸ ਤੱਕ ਵੀ ਪਹੁੰਚ ਕਰ ਸਕਦੀ ਹੈ।

ਜਾਂ ਫਿਰ ਜਿਵੇਂ ਕਿ ਇਸ ਗੋਪਨੀਯਤਾ ਨੀਤੀ ਵਿੱਚ ਦਿੱਤੇ ਮੁਤਾਬਕ ਅਤੇ ਲਾਗੂ ਕਾਨੂੰਨਾਂ ਦੀ ਪਾਲਣਾ ਕਰਦੇ ਹੋਏ।

ਇਸ ਵੈੱਬਸਾਈਟ ਜਾਂ ਸਾਡੀਆਂ ਸੇਵਾਵਾਂ ਦੀਆਂ ਕੁਝ ਖਾਸੀਅਤਾਂ ਲਈ ਤੁਹਾਨੂੰ ਤੁਹਾਡੀ ਨਿੱਜੀ ਤੌਰ 'ਤੇ ਪਛਾਣਯੋਗ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੋਵੇਗੀ ਜਿਵੇਂ ਕਿ ਤੁਹਾਡੇ ਵੱਲੋਂ ਸਾਡੀ ਵੈੱਬਸਾਈਟ 'ਤੇ ਤੁਹਾਡੇ ਖਾਤਾ ਭਾਗ ਦੇ ਤਹਿਤ ਪ੍ਰਦਾਨ ਕੀਤੀ ਗਈ ਹੈ।

**5. ਤੀਜੀਆਂ ਧਿਰਾਂ ਨੂੰ ਖੁਲਾਸਾ ਕਰਨਾ**

-

Paisabazaar.com ਵਪਾਰਕ ਉਦੇਸ਼ਾਂ ਲਈ ਕਿਸੇ ਨੂੰ ਵੀ ਤੁਹਾਡੀ ਜਾਣਕਾਰੀ ਵੇਚੇਗੀ ਨਹੀਂ ਜਾਂ ਕਿਰਾਏ 'ਤੇ ਨਹੀਂ ਦੇਵੇਗੀ ਜਾਂ ਕਿਸੇ ਹੋਰ ਤਰੀਕੇ ਨਾਲ ਤੁਹਾਡੀ ਜਾਣਕਾਰੀ ਦਾ ਖੁਲਾਸਾ ਨਹੀਂ ਕਰੇਗੀ ਜੋ ਕਿ ਇੱਕ ਤਰੀਕੇ ਨਾਲ ਕੀਤੇ ਗਏ ਵਾਅਦਿਆਂ ਅਤੇ/ਜਾਂ ਇਸ ਗੋਪਨੀਅਤਾ ਨੀਤੀ ਵਿੱਚ ਦੱਸੇ ਗਏ ਦੇ ਉਲਟ ਹੈ। ਉੱਤੇ ਦੱਸੇ ਗਏ ਦੇ ਉਲਟ, ਇਸ ਗੋਪਨੀਯਤਾ ਨੀਤੀ ਵਿੱਚ ਦੱਸੇ ਗਏ ਉਦੇਸ਼ਾਂ ਲਈ ਅਸੀਂ ਤੁਹਾਡੀ ਜਾਣਕਾਰੀ ਨੂੰ ਤੀਜੀ ਧਿਰਾਂ ਨਾਲ ਸਾਂਝੀ ਕਰ ਸਕਦੇ ਹਾਂ ਜਿਸ ਵਿੱਚ ਸਾਡੀ ਸਮੂਹ ਕੰਪਨੀ, ਕਰਮਚਾਰੀ, ਏਜੰਟ, ਵਪਾਰਕ ਭਾਈਵਾਲ (ਬੈਂਕਾਂ/NBFCs), CICs, ਪੇਮੈਂਟ ਐਗਰੀਗੇਟਰ ਅਤੇ ਸੇਵਾ ਪ੍ਰਦਾਤਾ ਜਿਹਨਾ ਨਾਲ ਸਾਡਾ ਸਮਝੌਤਾ ਹੈ ਅਤੇ ਸਾਡੇ ਕਿਸੇ ਸਹਿਯੋਗੀ ਸ਼ਾਮਲ ਹਨ ।

ਇਹਨਾਂ ਤੀਜੀਆਂ ਧਿਰਾਂ ਨੂੰ ਤੁਹਾਡੀ ਜਾਣਕਾਰੀ ਨੂੰ ਉਸੇ ਪੱਧਰ ਦੀ ਦੇਖਭਾਲ ਅਤੇ ਗੁਪਤਤਾ ਦੀ ਵਰਤੋਂ ਕਰਕੇ ਸੰਭਾਲਣ ਦੀ ਲੋੜ ਹੁੰਦੀ ਹੈ ਜਿਵੇਂ ਕਿ Paisabazaar ਵੱਲੋਂ ਕੀਤੀ ਜਾਂਦੀ ਹੈ ਅਤੇ ਇਹਨਾਂ ਤੀਜੀਆਂ ਧਿਰਾਂ ਵੱਲੋਂ ਤੁਹਾਡੀ ਜਾਣਕਾਰੀ ਤੱਕ ਪਹੁੰਚ ਜਾਂ ਪ੍ਰਕਿਰਿਆ ਇਕਰਾਰਨਾਮੇ ਦੀਆਂ ਸ਼ਰਤਾਂ, ਲਾਗੂ ਕਾਨੂੰਨਾਂ ਅਤੇ ਸਾਡੀਆਂ ਹਦਾਇਤਾਂ ਦੇ ਮੁਤਾਬਕ ਹੁੰਦੀ ਹੈ ਅਤੇ ਤੁਹਾਡੀ ਸਹਿਮਤੀ ਦੇ ਅਧੀਨ ਹੁੰਦੀ ਹੈ। ਇਸ ਪੈਰੇ ਦੇ ਉਦੇਸ਼ਾਂ ਲਈ, "ਐਫੀਲੀਏਟ" ਦਾ ਮਤਲਬ ਹੋਵੇਗਾ, ਕੋਈ ਵੀ ਵਿਅਕਤੀ, ਕੋਈ ਵੀ ਹੋਰ ਵਿਅਕਤੀ ਜੋ, ਸਿੱਧੇ ਜਾਂ ਅਸਿੱਧੇ ਤੌਰ 'ਤੇ, ਨਿਯੰਤਰਣ ਕਰਦਾ ਹੈ, ਜਾਂ ਅਜਿਹੇ ਵਿਅਕਤੀ ਵੱਲੋਂ ਨਿਯੰਤਰਿਤ ਕੀਤਾ ਜਾਂਦਾ ਹੈ, ਜਾਂ ਸਾਂਝੇ ਨਿਯੰਤਰਣ ਅਧੀਨ ਹੈ। (ਸ਼ਬਦ "ਕੰਟ੍ਰੋਲ" ਦਾ ਅਰਥ ਹੋਵੇਗਾ, ਕਿਸੇ ਵਿਅਕਤੀ ਦੇ ਪ੍ਰਬੰਧਨ ਜਾਂ ਨੀਤੀਆਂ ਦਾ ਨਿਰਦੇਸ਼ਨ ਕਰਨਾ ਜਾਂ ਇਸ ਨੂੰ ਨਿਰਦੇਸ਼ਿਤ ਕਰਨ ਦਾ ਅਧਿਕਾਰ ਰੱਖਣਾ, ਭਾਵੇਂ ਪ੍ਰਤੀਭੂਤੀਆਂ ਜਾਂ ਭਾਈਵਾਲੀ ਜਾਂ ਹੋਰ ਮਾਲਕਾਨਾ ਹਿੱਤਾਂ ਦੀ ਮਲਕੀਅਤ ਰਾਹੀਂ, ਇਕਰਾਰਨਾਮੇ ਰਾਹੀਂ ਜਾਂ ਕਿਸੇ ਹੋਰ ਢੰਗ ਨਾਲ। ਸ਼ਬਦ "ਪਰਸਨ" ਵਿੱਚ ਕੋਈ ਵੀ ਕੁਦਰਤੀ ਵਿਅਕਤੀ, ਕਾਰਪੋਰੇਸ਼ਨ, ਭਾਈਵਾਲੀ, ਸੀਮਤ ਦੇਣਦਾਰੀ ਕੰਪਨੀ, ਟਰੱਸਟ, ਗੈਰ-ਸੰਗਠਿਤ ਐਸੋਸੀਏਸ਼ਨ, ਜਾਂ ਕੋਈ ਹੋਰ ਸੰਸਥਾ) ਸ਼ਾਮਲ ਹਨ।

ਕਾਰੋਬਾਰ ਦੇ ਕਿਸੇ ਵੀ ਹਿੱਸੇ ਦੀ ਵਿਕਰੀ ਦੇ ਨਤੀਜੇ ਵਜੋਂ ਜਾਂ ਕਿਸੇ ਹੋਰ ਇਕਾਈ ਨਾਲ ਇਸ ਦੇ ਵਿਲੀਨਤਾ, ਪੁਨਰਗਠਨ, ਜਾਂ ਏਕੀਕਰਨ ਦੇ ਆਧਾਰ 'ਤੇ ਕਿ ਇਹ ਇੱਕ ਅਧਿਕਾਰ ਵਾਲੀ ਇਕਾਈ ਨਹੀਂ ਹੈ Paisabazaar.com ਤੁਹਾਡੀ ਨਿੱਜੀ ਤੌਰ 'ਤੇ ਪਛਾਣਯੋਗ ਜਾਣਕਾਰੀ ਨੂੰ ਕਿਸੇ ਵੀ ਉਤਰਾਧਿਕਾਰੀ ਨਾਲ ਸਾਂਝਾ ਕਰ ਸਕਦੀ ਹੈ, ਅਤੇ/ਜਾਂ ਦੇ ਸਕਦੀ ਹੈ।

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦੇ ਸੰਗ੍ਰਹਿ ਅਤੇ ਵਰਤੋਂ ਨੂੰ ਸੀਮਤ ਕਰਦੇ ਹਾਂ। ਅਸੀਂ ਗੁਮਨਾਮ ਜਾਂ ਸਮੁੱਚੀ ਨਿੱਜੀ ਜਾਣਕਾਰੀ ਬਣਾ ਸਕਦੇ ਹਾਂ ਅਤੇ ਅਜਿਹੇ ਡਾਟਾ ਦਾ ਖੁਲਾਸਾ ਸਿਰਫ ਗੈਰ-ਨਿੱਜੀ ਤੌਰ 'ਤੇ ਪਛਾਣਯੋਗ ਤਰੀਕੇ ਨਾਲ ਕਰ ਸਕਦੇ ਹਾਂ। ਅਜਿਹੀ ਜਾਣਕਾਰੀ ਨਾਲ ਤੁਹਾਡੀ ਵਿਅਕਤੀਗਤ ਤੌਰ 'ਤੇ ਪਛਾਣ ਨਹੀਂ ਹੁੰਦੀ ਹੈ। ਤੁਹਾਡੀ ਖਾਤਾ ਜਾਣਕਾਰੀ ਅਤੇ ਕਿਸੇ ਹੋਰ ਨਿੱਜੀ ਪਛਾਣਯੋਗ ਜਾਣਕਾਰੀ ਤੱਕ ਪਹੁੰਚ ਸਖਤੀ ਨਾਲ ਪ੍ਰਤਿਬੰਧਿਤ ਹੈ ਅਤੇ ਕੇਵਲ ਖਾਸ ਆਂਤਰਿਕ ਪ੍ਰਕਿਰਿਆਵਾਂ ਦੇ ਮੁਤਾਬਕ ਅਤੇ ਸਾਡੀਆਂ ਸੇਵਾਵਾਂ ਨੂੰ ਚਲਾਉਣ, ਵਿਕਸਤ ਕਰਨ ਜਾਂ ਬਿਹਤਰ ਬਣਾਉਣ ਲਈ, ਇਸ ਗੋਪਨੀਯਤਾ ਨੀਤੀ ਵਿੱਚ ਦੱਸੇ ਗਏ ਉਦੇਸ਼ਾਂ ਲਈ ਹੀ ਵਰਤੀ ਜਾਂਦੀ ਹੈ। ਅਸੀਂ ਤੁਹਾਨੂੰ ਸਾਡੀਆਂ ਸੇਵਾਵਾਂ ਹਾਸਲ ਕਰਨ ਦੇ ਯੋਗ ਬਣਾਉਣ ਲਈ ਤੀਜੀ ਧਿਰ ਦੇ ਸੇਵਾ ਪ੍ਰਦਾਤਾਵਾਂ ਦੀ ਵਰਤੋਂ ਕਰ ਸਕਦੇ ਹਾਂ ਅਤੇ ਅਸੀਂ ਚਾਹੁੰਦੇ ਹਾਂ ਕਿ ਉਹਨਾਂ ਨਾਲ ਸਾਡੇ ਇਕਰਾਰਨਾਮੇ ਦੇ ਤਹਿਤ ਸਾਡੇ ਵੱਲੋਂ ਉਹਨਾਂ ਨੂੰ ਪ੍ਰਦਾਨ ਕੀਤੀ ਜਾਣਕਾਰੀ ਦੀ ਗੁਪਤਤਾ ਬਣਾਈ ਰੱਖੀ ਜਾਵੇ।

ਅਸੀਂ ਕਾਨੂੰਨ ਦੇ ਅਧੀਨ ਲਾਜ਼ਮੀ ਸਰਕਾਰੀ ਏਜੰਸੀਆਂ ਨਾਲ ਤੁਹਾਡੀ ਪੂਰਵ ਲਿਖਤੀ ਸਹਿਮਤੀ ਪ੍ਰਾਪਤ ਕੀਤੇ ਬਗੈਰ, ਤੁਹਾਡੀ ਜਾਣਕਾਰੀ ਨੂੰ ਸਾਂਝਾ ਵੀ ਕਰ ਸਕਦੇ ਹਾਂ ਪਛਾਣ ਦੀ ਤਸਦੀਕ ਦੇ ਉਦੇਸ਼ ਲਈ ਜਾਣਕਾਰੀ ਪ੍ਰਾਪਤ ਕਰਨ ਲਈ, ਜਾਂ ਸਾਈਬਰ ਘਟਨਾਵਾਂ ਸਮੇਤ ਰੋਕਥਾਮ, ਖੋਜ, ਜਾਂਚ, ਮੁਕੱਦਮਾ ਚਲਾਉਣ ਅਤੇ ਅਪਰਾਧਾਂ ਦੀ ਸਜ਼ਾ ਦੇਣ ਲਈ, ਜਾਂ ਜਿੱਥੇ ਕਾਨੂੰਨੀ ਜ਼ਿੰਮੇਵਾਰੀ ਦੀ ਪਾਲਣਾ ਲਈ ਖੁਲਾਸਾ ਜ਼ਰੂਰੀ ਹੈ। ਤੁਸੀਂ ਆਪਣੀ ਜਾਣਕਾਰੀ ਦਾ ਖੁਲਾਸਾ ਕਰਨ ਲਈ ਵੈੱਬਸਾਈਟ ਲਈ ਸਹਿਮਤ ਹੁੰਦੇ ਹੋ ਅਤੇ ਰਜ਼ਾਮੰਦੀ ਦਿੰਦੇ ਹੋ, ਜੇਕਰ ਲਾਗੂ ਕਾਨੂੰਨ ਦੇ ਅਧੀਨ ਅਜਿਹੀ ਲੋੜ ਹੋਵੇ।

ਵੈੱਬਸਾਈਟ 'ਤੇ ਤੀਜੀਆਂ ਧਿਰਾਂ, ਜਿਵੇਂ ਕਿ ਰਿਣਦਾਤਾ, ਬੈਂਕ, ਕ੍ਰੈਡਿਟ ਕਾਰਡ ਜਾਰੀਕਰਤਾਵਾਂ ਵੱਲੋਂ ਪੇਸ਼ ਕੀਤੇ ਗਏ ਰਿਣ, ਕ੍ਰੈਡਿਟ ਕਾਰਡ, ਮਿਉਚੁਅਲ ਫੰਡ ਵਰਗੀਆਂ ਬਹੁਤ ਸਾਰੀਆਂ ਉਤਪਾਦ/ਸੇਵਾਵਾਂ ਹਨ। ਜੇਕਰ ਤੁਸੀਂ ਇਹਨਾਂ ਵੱਖਰੇ ਉਤਪਾਦਾਂ ਜਾਂ ਸੇਵਾਵਾਂ ਲਈ ਅਰਜ਼ੀ ਦੇਣ ਦੀ ਚੋਣ ਕਰਦੇ ਹੋ, ਇਹਨਾਂ ਪ੍ਰਦਾਤਾਵਾਂ ਨੂੰ ਜਾਣਕਾਰੀ ਦਿੰਦੇ ਹੋ, ਤਾਂ ਉਹਨਾਂ ਵੱਲੋਂ ਤੁਹਾਡੀ ਜਾਣਕਾਰੀ ਦੀ ਵਰਤੋਂ ਵੈੱਬਸਾਈਟ ਦੀ ਗੋਪਨੀਯਤਾ ਨੀਤੀ ਤੋਂ ਇਲਾਵਾ ਉਹਨਾਂ ਦੀਆਂ ਗੋਪਨੀਯਤਾ ਨੀਤੀਆਂ ਰਾਹੀਂ ਨਿਯੰਤਰਿਤ ਕੀਤੀ ਜਾਂਦੀ ਹੈ। Paisabazaar.com ਉਹਨਾਂ ਦੀਆਂ ਗੋਪਨੀਯਤਾ ਨੀਤੀਆਂ ਲਈ ਜ਼ਿੰਮੇਵਾਰ ਨਹੀਂ ਹੈ। ਜਦੋਂ ਤੁਸੀਂ ਉਹਨਾਂ ਦੇ ਉਤਪਾਦਾਂ ਜਾਂ ਸੇਵਾਵਾਂ ਲਈ ਅਰਜ਼ੀ ਦਿੰਦੇ ਹੋ, ਤਾਂ ਅਸੀਂ ਤੁਹਾਨੂੰ ਇਹਨਾਂ ਤੀਜੀਆਂ ਧਿਰਾਂ/ਪ੍ਰਦਾਤਾਵਾਂ ਵੱਲੋਂ ਅਪਣਾਈ ਗਈਆਂ ਗੋਪਨੀਯਤਾ ਸੂਚਨਾਵਾਂ ਅਤੇ ਪ੍ਰਕਿਰਿਆਵਾਂ ਨੂੰ ਵੇਖਣ ਅਤੇ ਪੜ੍ਹਨ ਲਈ ਉਤਸ਼ਾਹਿਤ ਕਰਦੇ ਹਾਂ। Paisabazaar ਦੀ ਇਹਨਾਂ ਤੀਜੀ ਧਿਰ ਦੀਆਂ ਵੈਬਸਾਈਟਾਂ ਦੀਆਂ ਗੋਪਨੀਯਤਾ ਨੀਤੀਆਂ ਜਾਂ ਵਰਤੋਂ ਦੀਆਂ ਸ਼ਰਤਾਂ ਆਦਿ ਦੀ ਸਮੱਗਰੀ ਲਈ ਕੋਈ ਜ਼ਿੰਮੇਵਾਰੀ ਨਹੀਂ ਹੁੰਦੀ ਹੈ।

ਜੇਕਰ ਤੁਸੀਂ ਸਾਡੇ ਮੋਬਾਈਲ ਐਪ ਰਾਹੀਂ ਸਾਡੇ ਮਿਊਚੁਅਲ ਫੰਡ ਉਤਪਾਦ ਵਿੱਚ ਨਿਵੇਸ਼ ਕਰ ਰਹੇ ਹੋ, ਤਾਂ ਤੁਸੀਂ ਹੇਠਾਂ ਦਿੱਤੇ ਖੁਲਾਸੇ ਲਈ ਸਹਿਮਤੀ ਦਿੰਦੇ ਹੋ:

"Google API ਤੋਂ ਪ੍ਰਾਪਤ ਜਾਣਕਾਰੀ ਦੀ ਕਿਸੇ ਹੋਰ ਐਪ ਲਈ Paisabazaar' ਦੀ ਵਰਤੋਂ ਅਤੇ ਤਬਾਦਲਾ ਸੀਮਤ ਵਰਤੋਂ ਦੀਆਂ ਲੋੜਾਂ ਸਮੇਤ, Google API ਸੇਵਾਵਾਂ ਉਪਭੋਗਤਾ ਡਾਟਾ ਨੀਤੀ ਦੀ ਪਾਲਣਾ ਕਰੇਗਾ। Paisabazaar ਐਪ ਮਿਊਚੁਅਲ ਫੰਡ ਨਿਵੇਸ਼ਾਂ ਦੀ ਕਾਰਗੁਜ਼ਾਰੀ ਤੇ ਨਿਗਾਹ ਰੱਖਣ ਵਿੱਚ ਮਦਦ ਕਰਦਾ ਹੈ, ਜੋ ਕਿ ਸਮੇਂ ਦੇ ਨਾਲ ਕਈ ਚੈਨਲਾਂ/ਪਲੇਟਫਾਰਮਾਂ ਰਾਹੀਂ ਕੀਤਾ ਗਿਆ ਹੋ ਸਕਦਾ ਹੈ, ਜੋ ਕਿ ਖਪਤਕਾਰਾਂ ਲਈ ਮੁਸ਼ਕਲ ਹੋ ਸਕਦਾ ਹੈ। ਇੱਥੇ, ਖਪਤਕਾਰ ਦੀ ਮੁੱਢਲੀ ਲੋੜ ਹੈ ਕਿ ਉਹ ਸਾਰੇ ਮਿਊਚੁਅਲ ਫੰਡ ਨਿਵੇਸ਼ਾਂ ਨੂੰ ਇੱਕ ਥਾਂ 'ਤੇ ਇਕੱਠੇ ਵੇਖ ਸਕੇ ਅਤੇ ਨਿਗਰਾਨੀ ਕਰ ਕਰ ਸਕੇ।

ਇਹ ਪ੍ਰਦਾਨ ਕਰ ਸਕਣ ਲਈ, ਗਾਹਕ ਦੀ ਸਹਿਮਤੀ ਤੋਂ ਬਾਦ, Paisabazaar ਵੈੱਬਸਾਈਟ ਨਿਵੇਸ਼ਕ/ਗਾਹਕ ਵੱਲੋਂ ਹਰ ਮਹੀਨੇ ਪ੍ਰਾਪਤ ਕੀਤੇ ਗਏ ਮਿਊਚੁਅਲ ਫੰਡ CAS ਈਮੇਲ ਸਟੇਟਮੈਂਟ (ਜਿਸ ਵਿੱਚ ਸਾਰੇ MF ਨਿਵੇਸ਼ਾਂ ਦੇ ਵੇਰਵੇ ਸ਼ਾਮਲ ਹੁੰਦੇ ਹਨ) ਪੜ੍ਹਦੀ ਹੈ ਅਤੇ ਗਾਹਕਾਂ ਨੂੰ ਸਿੰਗਲ ਸਕਰੀਨ 'ਤੇ ਪੂਰਾ ਅਤੇ ਵਿਆਪਕ ਮਿਊਚੁਅਲ ਫੰਡ ਡੈਸ਼ਬੋਰਡ ਪ੍ਰਦਾਨ ਕਰਦੀ ਹੈ। ਇਹ ਨਾ ਸਿਰਫ ਇੱਕ ਬੇਹਤਰ ਖਪਤਕਾਰ ਅਨੁਭਵ ਪੇਸ਼ ਕਰਦੀ ਹੈ ਬਲਕਿ ਸੂਚਿਤ ਵਿੱਤੀ ਫੈਸਲਿਆਂ ਨੂੰ ਸਮਰੱਥ ਬਣਾਉਣ ਲਈ, ਇੱਕੋ ਥਾਂ 'ਤੇ ਸਾਰੇ ਸਰਗਰਮ ਮਿਊਚੁਅਲ ਫੰਡ ਨਿਵੇਸ਼ਾਂ ਦੀ ਜਾਂਚ, ਨਿਗਾਹ ਰੱਖਣ ਅਤੇ ਤੁਲਨਾ ਕਰਨ ਵਿੱਚ ਉਹਨਾਂ ਦੀ ਮਦਦ ਕਰਦੀ ਹੈ।

## 6. ਡਾਟਾ ਜਮ੍ਹਾਂ ਕਰਨਾ

-

Paisabazaar ਤੁਹਾਡੀ ਨਿੱਜੀ ਜਾਣਕਾਰੀ ਸਿਰਫ ਭਾਰਤ ਵਿੱਚ ਸਥਿਤ ਸਰਵਰਾਂ 'ਤੇ ਜਮ੍ਹਾਂ ਕਰਦਾ ਹੈ। Paisabazaar ਤੁਹਾਡੀ ਨਿੱਜੀ ਜਾਣਕਾਰੀ ਸਮੇਤ ਤੁਹਾਡੀ ਜਾਣਕਾਰੀ ਨੂੰ ਬਰਕਰਾਰ ਰੱਖ ਸਕਦਾ ਹੈ ਕਿਉਂਕਿ ਇਸ ਦੀ ਤੁਹਾਨੂੰ ਉਸ ਉਤਪਾਦ ਲਈ ਸੇਵਾਵਾਂ ਪ੍ਰਦਾਨ ਕਰਨ ਵੇਲੇ ਲੋੜ ਪੈ ਸਕਦੀ ਹੈ ਜਿਸ ਬਾਰੇ ਤੁਸੀਂ ਪੁੱਛਗਿੱਛ ਕੀਤੀ ਹੈ ਜਾਂ ਚੋਣ ਕੀਤੀ ਹੈ ਅਤੇ ਜਿੰਨਾ ਚਿਰ ਇਹ ਉਪਰੋਕਤ ਉਦੇਸ਼ ਲਈ ਲੋੜੀਂਦੀ ਹੈ ਜਾਂ ਸਾਡੇ ਵਪਾਰਕ ਭਾਈਵਾਲਾਂ ਨਾਲ ਸਾਡੇ ਪ੍ਰਬੰਧਾਂ ਵਿੱਚ ਲਾਜ਼ਮੀ ਹੈ। ਭਾਰਤ ਵਿੱਚ ਲਾਗੂ ਕਾਨੂੰਨ/ਨਿਯੰਤਰਕ ਲੋੜਾਂ ਦੀ ਪਾਲਣਾ ਦੇ ਅਧੀਨ ਇਸ ਨੀਤੀ ਦੇ ਮੁਤਾਬਕ ਜਾਣਕਾਰੀ ਬਰਕਰਾਰ ਰੱਖੀ ਜਾਂਦੀ ਹੈ।

ਹੇਠਾਂ ਦਿੱਤੀ ਸਥਿਤੀ ਵਿੱਚ, Paisabazaar ਇੱਕ ਵਿਸਤ੍ਰਿਤ ਮਿਆਦ ਲਈ ਤੁਹਾਡੀ ਜਾਣਕਾਰੀ ਨੂੰ ਬਰਕਰਾਰ ਰੱਖ ਸਕਦਾ ਹੈ (i) ਕਾਨੂੰਨ ਅਧੀਨ ਕਿਸੇ ਜਾਂਚ ਲਈ ਲੋੜਾਂ ਦੇ ਮਾਮਲੇ ਵਿੱਚ ਜਾਂ ਅਦਾਲਤਾਂ/ਟ੍ਰਿਬਿਊਨਲਾਂ/ਫੋਰਮਾਂ/ਕਮਿਸ਼ਨਾਂ ਆਦਿ ਦੇ ਸਾਹਮਣੇ ਕਿਸੇ ਲੋੜ ਦੇ ਹਿੱਸੇ ਵਜੋਂ; (ii) ਸਾਡੇ ਉਤਪਾਦਾਂ/ਸੇਵਾਵਾਂ ਨੂੰ ਵਧਾਉਣ/ਸੁਧਾਰ ਕਰਨ ਲਈ ਅਤੇ (iii) ਜਿਵੇਂ ਕਿ ਵਪਾਰਕ ਭਾਈਵਾਲਾਂ ਨਾਲ ਇਕਰਾਰਨਾਮੇ ਦੇ ਪ੍ਰਬੰਧਾਂ ਅਧੀਨ ਲੋੜੀਂਦੀ ਹੋਵੇ।

## 7. ਤੁਹਾਡੀ ਨਿੱਜੀ ਜਾਣਕਾਰੀ 'ਤੇ ਤੁਹਾਡਾ ਕੀ ਨਿਯੰਤਰਣ ਹੈ ਜੋ ਔਨਲਾਈਨ ਇਕੱਠੀ ਕੀਤੀ ਅਤੇ ਵਰਤੀ ਜਾਂਦੀ ਹੈ

-

ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਜੋ ਜਾਣਕਾਰੀ ਅਸੀਂ ਤੁਹਾਡੇ ਬਾਰੇ ਵਰਤਦੇ ਹਾਂ ਉਹ ਤੁਹਾਨੂੰ ਉਤਪਾਦ, ਸੇਵਾਵਾਂ ਅਤੇ ਅਨੁਭਵ ਪ੍ਰਦਾਨ ਕਰਨ ਵਿੱਚ ਸਾਡੀ ਮਦਦ ਕਰਦੀ ਹੈ ਜਿਸ ਨਾਲ ਤੁਹਾਨੂੰ ਲਾਭ ਹੁੰਦਾ ਹੈ। ਤੁਹਾਡੇ ਕੋਲ ਇਹ ਨਿਯੰਤਰਣ ਕਰਨ ਦੀ ਸਮਰੱਥਾ ਹੈ ਕਿ ਤੁਹਾਡੀ ਗੈਰ-ਨਿੱਜੀ ਜਾਣਕਾਰੀ ਕਿਵੇਂ ਇਕੱਠੀ ਕੀਤੀ ਜਾਂਦੀ ਹੈ ਅਤੇ ਔਨਲਾਈਨ ਵਰਤੀ ਜਾਂਦੀ ਹੈ।

ਤੁਹਾਡੇ ਕੋਲ ਇਹ ਚੁਣਨ ਦੀ ਵੀ ਸਮਰੱਥਾ ਹੈ ਕਿ ਤੁਸੀਂ ਸਾਨੂੰ ਕਿਹੜੀ ਨਿੱਜੀ ਜਾਣਕਾਰੀ, ਕਿਹੜੀ ਸੰਵੇਦਨਸ਼ੀਲ ਨਿੱਜੀ ਜਾਣਕਾਰੀ (ਜਿਵੇਂ ਕਿ ਤੁਹਾਡੀ ਵਿੱਤੀ ਜਾਣਕਾਰੀ)ਸਮੇਤ ਪ੍ਰਦਾਨ ਕਰਦੇ ਹੋ, ਤੀਜੀ ਧਿਰ ਨੂੰ ਤੁਹਾਡੀ ਜਾਣਕਾਰੀ ਦੇ ਖੁਲਾਸੇ ਨੂੰ ਸੀਮਤ ਕਰਦੇ ਹੋ, ਫਿਰ ਵੀ, ਕਿਰਪਾ ਕਰਕੇ ਧਿਆਨ ਰੱਖੋ ਕਿ ਇਹ ਤੁਹਾਡੇ ਵੱਲੋਂ ਚੁਣੇ ਗਏ ਉਤਪਾਦ/ਸੇਵਾ ਤੱਕ ਤੁਹਾਡੀ ਸਹਿਜ ਪਹੁੰਚ ਨੂੰ ਪ੍ਰਭਾਵਿਤ ਕਰ ਸਕਦੀ ਹੈ। ਹਾਲਾਂਕਿ, ਜੇਕਰ ਤੁਸੀਂ ਉਹ ਸਾਰੀ ਲਾਜ਼ਮੀ ਜਾਣਕਾਰੀ ਅਤੇ ਡਾਟਾ ਪ੍ਰਦਾਨ ਨਾ ਕਰਨ ਦੀ ਚੋਣ ਕਰਦੇ ਹੋ ਜੋ ਤੁਹਾਡੇ ਤੋਂ ਮੰਗੀ ਜਾਂਦੀ ਹੈ, ਤਾਂ ਅਸੀਂ ਤੁਹਾਨੂੰ ਉਹ ਸੇਵਾਵਾਂ ਪ੍ਰਦਾਨ ਕਰਨ ਦੇ ਯੋਗ ਨਹੀਂ ਹੋ ਸਕਦੇ ਜਿਹਨਾਂ ਦੀ ਤੁਸੀਂ ਸਦਸਤਾ ਲਈ ਹੋਈ ਹੈ।

ਸਾਡਾ ਮੰਨਣਾ ਹੈ ਕਿ ਤੁਹਾਨੂੰ ਇਹ ਚੁਣਨ ਦੇ ਯੋਗ ਹੋਣਾ ਚਾਹੀਦਾ ਹੈ ਕਿ ਤੁਸੀਂ ਈਮੇਲ/SMS ਰਾਹੀਂ ਕਿਸ ਕਿਸਮ ਦੀ ਜਾਣਕਾਰੀ ਪ੍ਰਾਪਤ ਕਰਦੇ ਹੋ। ਜੇਕਰ ਤੁਸੀਂ ਈਮੇਲ/SMS ਰਾਹੀਂ ਮੰਡੀਕਰਨ ਸਮੱਗਰੀ ਪ੍ਰਾਪਤ ਨਹੀਂ ਕਰਨਾ ਚਾਹੁੰਦੇ ਹੋ, ਤਾਂ ਬਸ ਆਪਣੇ ਖਾਤੇ

ਲਈ ਸੰਪਰਕ ਜਾਣਕਾਰੀ 'ਤੇ ਜਾਂ ਸਾਡੀ ਮਾਰਕੀਟਿੰਗ ਈਮੇਲਾਂ ਵਿੱਚ ਪ੍ਰਦਾਨ ਕੀਤੇ ਗਏ 'ਔਪਟ-ਆਊਟ' ਜਾਂ ਗਾਹਕੀ ਰੱਦ ਕਰਨ ਦੇ ਲਿੰਕ 'ਤੇ ਆਪਣੀ ਤਰਜੀਹ ਦਰਸਾਓ ਅਤੇ ਤੁਸੀਂ ਸਾਨੂੰ care@paisabazaar.com. 'ਤੇ ਵੀ ਲਿਖ ਸਕਦੇ ਹੋ। ਕਿਰਪਾ ਕਰਕੇ ਨੋਟ ਕਰੋ ਕਿ ਤੁਹਾਡੀ ਬੇਨਤੀ 'ਤੇ ਕਾਰਵਾਈ ਕਰਨ ਲਈ ਲਗਭਗ 10 ਦਿਨ ਲਗ ਸਕਦੇ ਹਨ। ਕਿਰਪਾ ਕਰਕੇ ਧਿਆਨ ਵਿੱਚ ਰੱਖੋ ਕਿ ਅਸੀਂ ਤੁਹਾਡੇ ਵੱਲੋਂ ਹਟਣ ਤੋਂ ਬਾਦ ਵੀ, ਸਾਡੇ ਨਾਲ ਤੁਹਾਡੀਆਂ ਸੇਵਾਵਾਂ ਦੇ ਸੰਬੰਧ ਵਿੱਚ ਈਮੇਲ/SMS/ਫੋਨ ਕਾਲਾਂ ਰਾਹੀਂ ਤੁਹਾਨੂੰ ਸੂਚਿਤ ਕਰਨਾ ਜਾਰੀ ਰੱਖਾਂਗੇ।

ਤੁਸੀਂ ਵੈੱਬਸਾਈਟ 'ਤੇ ਆਪਣੇ ਖਾਤੇ ਵਿੱਚ ਲੌਗਇਨ ਕਰਕੇ ਸਾਨੂੰ ਪ੍ਰਦਾਨ ਕੀਤੀ ਜਾਣਕਾਰੀ ਦੀ ਸਮੀਖਿਆ ਕਰ ਸਕਦੇ ਹੋ ਅਤੇ ਇਹ ਯਕੀਨੀ ਬਣਾਉਣ ਲਈ ਕਿ ਜੋ ਜਾਣਕਾਰੀ ਜਾਂ ਡਾਟਾ ਤੁਸੀਂ ਸਾਨੂੰ ਪ੍ਰਦਾਨ ਕੀਤਾ ਹੈ ਉਹ ਸਹੀ ਹੈ ਅਤੇ/ਜਾਂ ਘੱਟ ਨਹੀਂ ਹੈ, ਕਿਸੇ ਵੀ ਨਿੱਜੀ ਜਾਣਕਾਰੀ ਜਾਂ ਸੰਵੇਦਨਸ਼ੀਲ ਨਿੱਜੀ ਡਾਟਾ ਜਾਂ ਜਾਣਕਾਰੀ ਨੂੰ ਠੀਕ ਕਰ ਸਕਦੇ ਹੋ ਜਾਂ ਸੋਧ ਸਕਦੇ ਹੋ। Paisabazaar.com ਤੁਹਾਡੇ ਜਾਂ ਕਿਸੇ ਤੀਜੀ ਧਿਰ ਵੱਲੋਂ ਇਸ ਨੂੰ ਪ੍ਰਦਾਨ ਕੀਤੀ ਗਈ ਕਿਸੇ ਵੀ ਨਿੱਜੀ ਜਾਣਕਾਰੀ ਜਾਂ ਸੰਵੇਦਨਸ਼ੀਲ ਨਿੱਜੀ ਡਾਟਾ ਜਾਂ ਜਾਣਕਾਰੀ ਦੀ ਪ੍ਰਮਾਣਿਕਤਾ ਲਈ ਜ਼ਿੰਮੇਵਾਰ ਨਹੀਂ ਹੈ।

## 8. ਸਹਿਮਤੀ ਨੂੰ ਰੱਦ ਕਰਨਾ

-

ਜੇ ਤੁਹਾਨੂੰ ਲਗਦਾ ਹੈ ਕਿ ਸਾਨੂੰ ਤੁਹਾਡੀ ਨਿੱਜੀ ਜਾਣਕਾਰੀ ਰੱਖਣ ਦੀ ਲੋੜ ਨਹੀਂ ਹੈ ਜਾਂ ਜੇ ਤੁਸੀਂ ਸਾਨੂੰ ਆਪਣਾ ਨਿੱਜੀ ਡਾਟਾ ਮਿਟਾਉਣ ਜਾਂ ਹਟਾਉਣ ਲਈ ਕਹਿੰਦੇ ਹੋ ਜਿੱਥੇ ਤੁਸੀਂ ਸੋਚਦੇ ਹੋ ਕਿ ਸਾਡੇ ਕੋਲ ਇਸ 'ਤੇ ਪ੍ਰਕਿਰਿਆ ਕਰਨ ਦਾ ਅਧਿਕਾਰ ਨਹੀਂ ਹੈ ਤਾਂ ਅਸੀਂ ਅਜਿਹੀ ਗਾਹਕ ਜਾਣਕਾਰੀ ਨੂੰ ਨਸ਼ਟ ਕਰ ਦੇਵਾਂਗੇ ਜਾਂ ਮਿਟਾ ਦੇਵਾਂਗੇ। ਤੁਸੀਂ ਸਾਡੀਆਂ ਸੇਵਾਵਾਂ ਦਾ ਲਾਭ ਉਠਾਉਂਦੇ ਹੋਏ ਜਾਂ ਹੋਰ ਕਿਸੇ ਵੇਲੇ ਵੀ, consentrevocation@paisabazaar.com. 'ਤੇ ਸਾਨੂੰ ਲਿਖ ਕੇ ਆਪਣੇ ਸੰਵੇਦਨਸ਼ੀਲ ਨਿੱਜੀ ਡਾਟਾ ਜਾਂ ਜਾਣਕਾਰੀ ਨੂੰ ਇਕੱਠਾ ਕਰਨ ਅਤੇ ਵਰਤਣ ਲਈ ਪਹਿਲਾਂ ਦਿੱਤੀ ਹੋਈ ਸਹਿਮਤੀ ਨੂੰ ਵਾਪਸ ਲੈ ਸਕਦੇ ਹੋ। ਹਾਲਾਂਕਿ, ਤੁਹਾਡੇ ਵੱਲੋਂ ਅਜਿਹੀ ਸਹਿਮਤੀ ਵਾਪਸ ਲੈਣ ਦੇ ਮਾਮਲੇ ਵਿੱਚ, Paisabazaar.com ਕੋਲ ਤੁਹਾਨੂੰ ਉਹਨਾ ਸੇਵਾਵਾਂ ਨੂੰ ਬੰਦ ਕਰਨ ਦਾ ਵਿਕਲਪ ਹੋਵੇਗਾ ਜਿਸ ਲਈ ਜਾਣਕਾਰੀ ਮੰਗੀ ਗਈ ਸੀ। ਅਜਿਹੀ ਘਟਨਾ ਵਿੱਚ ਤੁਸੀਂ ਕਿਸੇ ਵੀ ਸੇਵਾ ਲਈ ਅਦਾ ਕੀਤੀ ਗਈ ਕੋਈ ਵੀ ਫੀਸ ਵਾਪਸ ਲੈਣ ਦੇ ਯੋਗ ਨਹੀਂ ਹੋਵੋਗੇ ਅਤੇ ਤੁਸੀਂ ਸਹਿਮਤ ਹੋ ਕਿ ਵੈੱਬਸਾਈਟ ਕਿਸੇ ਵੀ ਤਰੀਕੇ ਨਾਲ ਤੁਹਾਡੇ ਲਈ ਜਵਾਬਦੇਹ ਨਹੀਂ ਹੋਵੇਗੀ।

ਸਾਡੇ ਅਤੇ/ਜਾਂ ਸਾਡੇ ਭਾਈਵਾਲਾਂ ਵੱਲੋਂ ਉਤਪਾਦ ਦੀ ਸੇਵਾ, ਮੁੜ-ਭੁਗਤਾਨ ਆਦਿ ਦੇ ਉਦੇਸ਼ ਲਈ ਡਾਟਾ ਨੂੰ ਬਰਕਰਾਰ ਰੱਖਣ ਦੀ ਲੋੜ ਹੋ ਸਕਦੀ ਹੈ ਅਤੇ ਕਿਸੇ ਵੀ ਲਾਗੂ ਕਾਨੂੰਨਾਂ ਦੇ ਅਧੀਨ ਲੋੜੀਂਦਾ ਹੋ ਸਕਦਾ ਹੈ। ਅਸੀਂ ਭਰੋਸਾ ਦਿਵਾਉਂਦੇ ਹਾਂ ਕਿ ਅਜਿਹੀ ਰੱਖੀ ਗਈ ਜਾਣਕਾਰੀ ਨੂੰ ਸਾਰੇ ਸਾਈਬਰ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਦੇ ਹੋਏ ਸੁਰੱਖਿਅਤ ਕੀਤਾ ਜਾਵੇਗਾ।

## 9. ਲੌਗ ਫਾਈਲਸ

-

ਇਸ ਜਾਣਕਾਰੀ ਵਿੱਚ ਇੰਟਰਨੈਟ ਪ੍ਰੋਟੋਕੋਲ (IP) ਪਤੇ, ਬ੍ਰਾਊਜ਼ਰ ਦੀ ਕਿਸਮ, ਇੰਟਰਨੈਟ ਸੇਵਾ ਪ੍ਰਦਾਤਾ (ISP), ਰੈਫਰਿੰਗ/ਐਗਜ਼ਿਟ ਪੰਨੇ, ਪਲੇਟਫਾਰਮ ਦੀ ਕਿਸਮ, ਤਰੀਕ/ਸਮਾਂ ਸਟੈਂਪ, ਅਤੇ ਰੁਝਾਨਾਂ ਦਾ ਵਿਸ਼ਲੇਸ਼ਣ ਕਰਨ ਲਈ ਕਲਿੱਕਾਂ ਦੀ ਗਿਣਤੀ, ਸਾਈਟ ਦਾ ਪ੍ਰਬੰਧਨ, ਸਮੁੱਚੇ ਤੌਰ ਤੇ ਉਪਭੋਗਤਾ ਦੀ ਹਰਕਤ ਤੇ ਨਿਗਾਹ ਰੱਖਣੀ ਅਤੇ ਸਮੁੱਚੀ ਵਰਤੋਂ ਲਈ ਵਿਆਪਕ ਜਨਸੰਖਿਆ ਜਾਣਕਾਰੀ ਇਕੱਠੀ ਕਰਨੀ ਸ਼ਾਮਲ ਹੋ ਸਕਦੀ ਹੈ। ਅਸੀਂ ਇਸ ਸਵੈਚਲਿਤ ਤੌਰ 'ਤੇ ਇਕੱਠੀ ਕੀਤੀ ਲੌਗ ਜਾਣਕਾਰੀ ਨੂੰ ਹੋਰ ਜਾਣਕਾਰੀ ਨਾਲ ਜੋੜ ਸਕਦੇ ਹਾਂ ਜੋ ਅਸੀਂ ਤੁਹਾਡੇ ਬਾਰੇ ਇਕੱਠੀ ਕਰਦੇ ਹਾਂ। ਅਸੀਂ ਇਹ ਉਹਨਾਂ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਕਰਦੇ ਹਾਂ ਜੋ ਅਸੀਂ ਤੁਹਾਨੂੰ ਪੇਸ਼ ਕਰਦੇ ਹਾਂ, ਮੰਡੀਕਰਨ, ਵਿਸ਼ਲੇਸ਼ਣ ਜਾਂ ਸਾਈਟ ਕਾਰਜਕੁਸ਼ਲਤਾ ਨੂੰ ਬਿਹਤਰ ਬਣਾਉਣ ਲਈ ਕਰਦੇ ਹਾਂ।

## 10. ਡਾਟਾ ਸੁਰੱਖਿਆ

-

Paisabazaar.com ਇੱਕ ISO/IEC 27001:2013 ਪ੍ਰਮਾਣਿਤ ਸੰਸਥਾ ਹੈ ਜੋ ਸੂਚਨਾ ਸੁਰੱਖਿਆ 'ਤੇ ਲਾਗੂ ਪਾਲਣਾ ਕਰਨ ਦੇ ਮਿਆਰਾਂ ਨੂੰ ਯਕੀਨੀ ਬਣਾਉਂਦਾ ਹੈ ਅਤੇ ਇਹ ਸਮਝਦਾ ਹੈ ਕਿ ਤੁਹਾਡੀ ਜਾਣਕਾਰੀ ਦੀ ਗੁਪਤਤਾ, ਅਖੰਡਤਾ ਅਤੇ ਉਪਲਬਧਤਾ ਸਾਡੇ ਕਾਰੋਬਾਰੀ ਸੰਚਾਲਨ ਅਤੇ ਸਾਡੀ ਆਪਣੀ ਸਫਲਤਾ ਲਈ ਮਹੱਤਵਪੂਰਨ ਹਨ। ਅਸੀਂ ਤੁਹਾਡੇ ਤੋਂ ਇਕੱਠੀ ਕੀਤੀ ਜਾਣਕਾਰੀ ਦੀ ਸੁਰੱਖਿਆ ਲਈ ਹਰ ਵੇਲੇ ਢੁੱਕਵੇਂ ਤਕਨੀਕੀ ਅਤੇ ਸੰਗਠਨਾਤਮਕ ਸੁਰੱਖਿਆ ਉਪਾਅ ਕਰਦੇ ਹਾਂ। ਅਸੀਂ ਜਾਣਕਾਰੀ ਦੀ ਅਣਅਧਿਕਾਰਤ ਜਾਂ ਗੈਰ-ਕਾਨੂੰਨੀ ਵਰਤੋਂ ਜਾਂ ਤਬਦੀਲੀ, ਅਤੇ ਕਿਸੇ ਵੀ ਦੁਰਘਟਨਾ ਤੋਂ ਹੋਣ ਵਾਲੇ ਨੁਕਸਾਨ, ਬਰਬਾਦੀ, ਜਾਂ ਜਾਣਕਾਰੀ ਦੇ ਨੁਕਸਾਨ ਤੋਂ ਬਚਾਉਣ ਲਈ ਕਈ ਬਿਜਲਾਣੂ, ਪ੍ਰਕਿਰਿਆਤਮਕ ਅਤੇ ਭੌਤਿਕ ਸੁਰੱਖਿਆ ਉਪਾਵਾਂ ਦੀ ਵਰਤੋਂ ਕਰਦੇ ਹਾਂ। ਅਸੀਂ ਕਿਸੇ ਵੀ ਸ਼ੱਕੀ ਡਾਟਾ ਸੁਰੱਖਿਆ ਉਲੰਘਣਾ ਨਾਲ ਨਜਿੱਠਣ ਲਈ ਢੁੱਕਵੇਂ ਸੁਰੱਖਿਆ ਉਪਾਅ ਕੀਤੇ ਹੋਏ ਹਨ ਹਾਲਾਂਕਿ, ਇੰਟਰਨੈੱਟ 'ਤੇ ਪ੍ਰਸਾਰਣ ਦਾ ਕੋਈ ਤਰੀਕਾ, ਜਾਂ ਬਿਜਲਾਣੂ ਜਮ੍ਹਾਂਬੰਦੀ ਦਾ ਤਰੀਕਾ, 100% ਸੁਰੱਖਿਅਤ ਨਹੀਂ ਹੈ। ਇਸ ਲਈ, ਅਸੀਂ ਇਸਦੀ ਪੂਰਨ ਸੁਰੱਖਿਆ ਦੀ ਗਰੰਟੀ ਨਹੀਂ ਦੇ ਸਕਦੇ ਹਾਂ। ਇਸ ਤੋਂ ਇਲਾਵਾ, ਤੁਸੀਂ ਆਪਣੀ ਲੌਗਇਨ ਆਈਡੀ ਅਤੇ ਪਾਸਵਰਡ ਦੀ ਗੁਪਤਤਾ ਅਤੇ ਸੁਰੱਖਿਆ ਨੂੰ ਬਣਾਈ ਰੱਖਣ ਲਈ ਜ਼ਿੰਮੇਵਾਰ ਹੋ, ਅਤੇ ਤੁਸੀਂ ਕਿਸੇ ਤੀਜੀ ਧਿਰ ਨੂੰ ਇਹ ਜਾਣਕਾਰੀ ਪ੍ਰਦਾਨ ਨਹੀਂ ਕਰ ਸਕਦੇ ਹੋ।

## 11. ਤੀਜੀ-ਧਿਰ ਦੇ ਇਸ਼ਤਿਹਾਰ ਦੇਣ ਵਾਲੇ ਅਤੇ ਹੋਰ ਵੈੱਬਸਾਈਟਾਂ ਦੇ ਲਿੰਕ

-

### ਤੀਜੀ ਧਿਰ ਦੀ ਇਸ਼ਤਿਹਾਰਬਾਜ਼ੀ

ਜਦੋਂ ਤੁਸੀਂ ਸਾਡੀ ਵੈੱਬਸਾਈਟ 'ਤੇ ਜਾਂਦੇ ਹੋ ਤਾਂ ਅਸੀਂ ਇਸ਼ਤਿਹਾਰ ਦੇਣ ਲਈ ਤੀਜੀ-ਧਿਰ ਦੀਆਂ ਇਸ਼ਤਿਹਾਰੀ ਕੰਪਨੀਆਂ ਅਤੇ/ਜਾਂ ਇਸ਼ਤਿਹਾਰੀ ਏਜੰਸੀਆਂ ਦੀ ਵਰਤੋਂ ਕਰ ਸਕਦੇ ਹਾਂ। ਇਹ ਕੰਪਨੀਆਂ ਇਸ ਵੈੱਬਸਾਈਟ 'ਤੇ ਤੁਹਾਡੀਆਂ ਫੇਰੀਆਂ ਬਾਰੇ ਜਾਣਕਾਰੀ (ਤੁਹਾਡਾ ਨਾਮ, ਪਤਾ, ਈਮੇਲ ਪਤਾ, ਜਾਂ ਟੈਲੀਫੋਨ ਨੰਬਰ ਨੂੰ ਛੱਡ ਕੇ) ਦੀ ਵਰਤੋਂ ਕਰ ਸਕਦੀਆਂ ਹਨ ਇਸ ਵੈੱਬਸਾਈਟ ਅਤੇ ਹੋਰ ਤੀਜੀ-ਧਿਰ ਦੀਆਂ ਵੈੱਬਸਾਈਟਾਂ 'ਤੇ ਉਹਨਾ ਵਸਤੂਆਂ ਅਤੇ ਸੇਵਾਵਾਂ ਬਾਰੇ ਇਸ਼ਤਿਹਾਰ ਪ੍ਰਦਾਨ ਕਰਨ ਲਈ ਜੋ ਤੁਹਾਡੀ ਦਿਲਚਸਪੀ ਹੋ ਸਕਦੀਆਂ ਹਨ।

ਅਸੀਂ ਇੰਟਰਨੈਟ ਤੇ ਅਤੇ ਕਈ ਵਾਰੀ ਇਸ ਵੈੱਬਸਾਈਟ 'ਤੇ ਸਾਡੀ ਥਾਂ ਤੇ ਇਸ਼ਤਿਹਾਰ ਦੇਣ ਲਈ ਤੀਜੀ-ਧਿਰ ਦੇ ਸੇਵਾ ਪ੍ਰਦਾਤਾਵਾਂ ਦੀ ਵਰਤੋਂ ਕਰਦੇ ਹਾਂ। ਉਹ ਵੈੱਬਸਾਈਟ 'ਤੇ ਤੁਹਾਡੀਆਂ ਫੇਰੀਆਂ, ਅਤੇ ਸਾਡੇ ਉਤਪਾਦਾਂ ਅਤੇ ਸੇਵਾਵਾਂ ਨਾਲ ਤੁਹਾਡੀ ਪਰਸਪਰ ਕ੍ਰਿਆ ਬਾਰੇ ਗੁਮਨਾਮ ਜਾਣਕਾਰੀ ਇਕੱਠੀ ਕਰ ਸਕਦੇ ਹਨ। ਉਹ ਵਸਤੂਆਂ ਅਤੇ ਸੇਵਾਵਾਂ ਦੇ ਨਿਸ਼ਾਨੇ ਵਾਲੇ ਇਸ਼ਤਿਹਾਰਾਂ ਲਈ ਇਸ ਅਤੇ ਹੋਰ ਵੈੱਬਸਾਈਟਾਂ 'ਤੇ ਤੁਹਾਡੀਆਂ ਫੇਰੀਆਂ ਬਾਰੇ ਜਾਣਕਾਰੀ ਦੀ ਵਰਤੋਂ ਵੀ ਕਰ ਸਕਦੇ ਹਨ। ਇਹ ਗੁਮਨਾਮ ਜਾਣਕਾਰੀ ਇੱਕ ਪਿਕਸਲ ਟੈਗ ਦੀ ਵਰਤੋਂ ਰਾਹੀਂ ਇਕੱਠੀ ਕੀਤੀ ਜਾਂਦੀ ਹੈ, ਜੋ ਕਿ ਜ਼ਿਆਦਾਤਰ ਪ੍ਰਮੁੱਖ ਵੈੱਬਸਾਈਟਾਂ ਵੱਲੋਂ ਵਰਤੀ ਜਾਂਦੀ ਇੱਕ ਉਦਯੋਗਿਕ ਮਿਆਰੀ ਤਕਨੀਕ ਹੈ। ਇਸ ਪ੍ਰਕਿਰਿਆ ਵਿੱਚ ਕੋਈ ਨਿੱਜੀ ਤੌਰ 'ਤੇ ਪਛਾਣਨ ਯੋਗ ਜਾਣਕਾਰੀ ਇਕੱਠੀ ਜਾਂ ਵਰਤੀ ਨਹੀਂ ਜਾਂਦੀ।

### ਹੋਰਨਾ ਵੈੱਬਸਾਈਟਾਂ ਦੇ ਲਿੰਕ:

ਸਾਡੇ ਬੈਂਕਿੰਗ ਅਤੇ ਗੈਰ-ਬੈਂਕਿੰਗ ਭਾਈਵਾਲਾਂ ਨਾਲ ਸੰਬੰਧਤ ਹੋਰ ਸਾਈਟਾਂ Paisabazaar.com ਅਤੇ ਹੋਰ ਸਹਿਯੋਗੀਆਂ ਨਾਲ ਜੁੜੀਆਂ ਹੋ ਸਕਦੀਆਂ ਹਨ। ਜੋ ਨਿੱਜੀ ਜਾਣਕਾਰੀ ਤੁਸੀਂ ਉਹਨਾਂ ਸਾਈਟਾਂ ਨੂੰ ਪ੍ਰਦਾਨ ਕਰਦੇ ਹੋ ਉਹ ਸਾਡੀ ਜਾਇਦਾਦ ਜਾਂ ਜ਼ਿੰਮੇਵਾਰੀ ਨਹੀਂ ਹੈ। ਇਹਨਾਂ ਸੰਬੰਧਿਤ ਸਾਈਟਾਂ ਦੇ ਵੱਖੋ-ਵੱਖਰੇ ਗੋਪਨੀਯਤਾ ਅਭਿਆਸ ਹੋ ਸਕਦੇ ਹਨ ਅਤੇ ਜਦੋਂ ਤੁਸੀਂ ਉਹਨਾਂ 'ਤੇ ਜਾਂਦੇ ਹੋ ਤਾਂ ਅਸੀਂ ਤੁਹਾਨੂੰ ਇਹਨਾਂ ਵੈਬਸਾਈਟਾਂ ਦੀਆਂ ਉਹਨਾਂ ਦੀਆਂ ਗੋਪਨੀਯਤਾ ਨੀਤੀਆਂ ਨੂੰ ਪੜ੍ਹਨ ਲਈ ਪ੍ਰੇਰਤ ਕਰਦੇ ਹਾਂ। Paisabazaar ਇਹਨਾਂ ਤੀਜੀ-ਧਿਰ ਦੀਆਂ ਵੈਬਸਾਈਟਾਂ ਦੀਆਂ ਗੋਪਨੀਯਤਾ ਨੀਤੀਆਂ ਜਾਂ ਵਰਤੋਂ ਦੀਆਂ ਸ਼ਰਤਾਂ ਆਦਿ ਦੀ ਸਮੱਗਰੀ ਲਈ ਕੋਈ ਜ਼ਿੰਮੇਵਾਰੀ ਨਹੀਂ ਰੱਖਦਾ ਹੈ।

## 12. ਇਸ ਗੋਪਨੀਯਤਾ ਨੀਤੀ ਵਿੱਚ ਬਦਲਾਅ

-

Paisabazaar.com ਇਸ ਨੀਤੀ ਨੂੰ ਸਮੇਂ-ਸਮੇਂ 'ਤੇ, ਆਪਣੀ ਮਰਜ਼ੀ ਨਾਲ ਬਦਲਣ ਦਾ ਅਧਿਕਾਰ ਰਾਖਵਾਂ ਰੱਖਦਾ ਹੈ। ਅਸੀਂ ਇਸ ਗੋਪਨੀਯਤਾ ਨੀਤੀ ਵਿੱਚ ਸਾਡੇ ਸੂਚਨਾ ਅਭਿਆਸਾਂ ਵਿੱਚ ਤਬਦੀਲੀਆਂ ਨੂੰ ਦਰਸਾਉਣ ਲਈ ਸੁਧਾਰ ਕਰ ਸਕਦੇ ਹਾਂ। ਅਸੀਂ ਤੁਹਾਨੂੰ ਸਮੇਂ-ਸਮੇਂ 'ਤੇ ਸਮੀਖਿਆ ਕਰਨ ਲਈ ਉਤਸ਼ਾਹਿਤ ਕਰਦੇ ਹਾਂ। ਹੇਠਾਂ ਦਿੱਤੀ ਪ੍ਰਭਾਵੀ ਤਰੀਕ ਦੀ ਜਾਂਚ ਕਰਨ ਨਾਲ ਤੁਸੀਂ ਇਹ

ਨਿਰਧਾਰਤ ਕਰ ਸਕਦੇ ਹੋ ਕਿ ਜਦੋਂ ਤੁਸੀਂ ਪਿਛਲੀ ਵਾਰੀ ਬਿਆਨ ਦੀ ਸਮੀਖਿਆ ਕੀਤੀ ਸੀ, ਉਸ ਤੋਂ ਬਾਦ ਇਸ ਵਿੱਚ ਕੋਈ ਬਦਲਾਅ ਹੋਏ ਹਨ ਜਾਂ ਨਹੀਂ।

**13. ਨੋਡਲ ਸ਼ਿਕਾਇਤ ਅਧਿਕਾਰੀ**

-

ਕੰਪਨੀ ਨੇ ਕਿਸੇ ਵੀ ਡਿਜੀਟਲ ਰਿਣਦਾਤਾ ਸਬੰਧੀ ਸ਼ਿਕਾਇਤਾਂ ਨਾਲ ਸੰਬੰਧਤ ਗਾਹਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਇੱਕ ਨੋਡਲ ਸ਼ਿਕਾਇਤ ਅਧਿਕਾਰੀ ਨਿਯੁਕਤ ਕੀਤਾ ਹੈ। ਨੋਡਲ ਸ਼ਿਕਾਇਤ ਅਧਿਕਾਰੀ ਦਾ ਨਾਮ ਅਤੇ ਸੰਪਰਕ ਵੇਰਵੇ ਹੇਠਾਂ ਦਿੱਤੇ ਗਏ ਹਨ:

**ਨਾਮ**: ਮਿਸ ਜਯੋਤਸਨਾ ਪੋਪਲੀ

**ਪਤਾ**: ਪੈਸਾਬਾਜ਼ਾਰ ਮਾਰਕੀਟਿੰਗ ਅਤੇ ਕੰਸਲਟਿੰਗ ਪ੍ਰਾਈਵੇਟ ਲਿਮਟਿਡ,ਪਲਾਟ ਨੰ.135, ਸੈਕਟਰ-44, ਗੁਰੂਗ੍ਰਾਮ -122001, ਹਰਿਆਣਾ

**ਈਮੇਲ**: servicehead@paisabazaar.com

ਜੇਕਰ ਸਾਡੀ ਗੋਪਨੀਯਤਾ ਨੀਤੀ ਬਾਰੇ ਤੁਹਾਡੇ ਕੋਈ ਸਵਾਲ, ਚਿੰਤਾਵਾਂ ਜਾਂ ਸੁਝਾਅ ਹਨ, ਤਾਂ ਸਾਨੂੰ ਸੰਪਰਕ ਕਰੋ ਪੇਜ ਜਾਂ care@paisabazaar.com 'ਤੇ ਸੰਪਰਕ ਜਾਣਕਾਰੀ ਦੀ ਵਰਤੋਂ ਕਰਕੇ ਸਾਡੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**14. ਡਾਟਾ ਸ਼ਿਕਾਇਤ ਅਧਿਕਾਰੀ**

-

ਜੇਕਰ ਤੁਹਾਡੀ ਕੋਈ ਸ਼ਿਕਾਇਤ ਹੈ ਜਾਂ ਤੁਸੀਂ Paisabazaar.com ਨੂੰ ਤੁਹਾਡੇ ਵੱਲੋਂ ਪ੍ਰਦਾਨ ਕੀਤੀ ਗਈ ਕਿਸੇ ਵੀ ਜਾਣਕਾਰੀ/ਡਾਟਾ ਦੀ ਪ੍ਰਕਿਰਿਆ ਦੇ ਸੰਬੰਧ ਵਿੱਚ ਕਿਸੇ ਵੀ ਫਰਕ ਬਾਰੇ ਦੱਸਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਡੇ ਡਾਟਾ ਸ਼ਿਕਾਇਤ ਅਧਿਕਾਰੀ ਨਾਲ ਸੰਪਰਕ ਕਰੋ। ਸ਼ਿਕਾਇਤ ਅਧਿਕਾਰੀ ਦਾ ਨਾਮ ਅਤੇ ਸੰਪਰਕ ਵੇਰਵੇ ਹੇਠਾਂ ਦਿੱਤੇ ਗਏ ਹਨ:

**ਨਾਮ**: ਮਿ. ਮੁਕੇਸ਼ ਸ਼ਰਮਾ

**ਔਹਦਾ**: ਡਾਇਰੇਕਟ-ਟੈਰਨੋਲਾਜੀ & ਡਵਲਮੇਂਟ

**ਪਤਾ**:  ਪੈਸਾਬਾਜ਼ਾਰ ਮਾਰਕੀਟਿੰਗ ਅਤੇ ਕੰਸਲਟਿੰਗ ਪ੍ਰਾਈਵੇਟ ਲਿਮਟਿਡ,ਪਲਾਟ ਨੰ.135, ਸੈਕਟਰ-44, ਗੁਰੂਗ੍ਰਾਮ -122001, ਹਰਿਆਣਾ

**ਟੇਲੀ**: 0124 - 4562900

**ਫੈਕਸ**: 0124 - 4562902

**ਈਮੇਲ**: grievance-officer@paisabazaar.com

ਜੇਕਰ ਸਾਡੀ ਗੋਪਨੀਯਤਾ ਨੀਤੀ ਬਾਰੇ ਤੁਹਾਡੇ ਕੋਈ ਸਵਾਲ, ਚਿੰਤਾਵਾਂ ਜਾਂ ਸੁਝਾਅ ਹਨ, ਤਾਂ ਸਾਨੂੰ ਸੰਪਰਕ ਕਰੋ ਪੇਜ ਜਾਂ care@paisabazaar.com 'ਤੇ ਸੰਪਰਕ ਜਾਣਕਾਰੀ ਦੀ ਵਰਤੋਂ ਕਰਕੇ ਸਾਡੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਇਸ ਗੋਪਨੀਯਤਾ ਨੀਤੀ ਵਿੱਚ ਅਖਰਲੀ ਵਾਰੀ ਸੁਧਾਰ ਕੀਤਾ ਗਿਆ ਸੀ: 03 ਅਕਤੂਬਰ 2022**